Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



# ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post



JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit punjabipost.ca/epaper | Vol 21* Issue 85 | Monday, May 02, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ


## ਹਿੱਟ ਐਂਡ ਰੰਨ ਮਾਮਲੇ ਵਿੱਚ ਲੜਕੀ ਗੰਭੀਰ ਜ਼ਖ਼ਮੀ, ਮਹਿਲਾ ਗ੍ਰਿਫਤਾਰ




ਹੈਮਿਲਟਨ, 1 ਮਈ (ਪੋਸਟ ਬਿਊਰੋ) : ਸ਼ਨਿੱਚਰਵਾਰ ਸ਼ਾਮ ਨੂੰ ਹੈਮਿਲਟਨ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰ ਕੇ 14 ਸਾਲਾ ਲੜਕੀ ਨੂੰ ਜ਼ਖ਼ਮੀ ਕਰਨ ਤੋਂ ਬਾਅਦ ਮੌਕੇ ਤੋਂ ਭੱਜੇ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਹੈਮਿਲਟਨ ਪੈਰਾਮੈਡਿਕਸ ਨੇ ਦੱਸਿਆ ਕਿ ਸ਼ਾਮੀਂ 5:15 ਵਜੇ ਉਨ੍ਹਾਂ ਨੂੰ ਪਾਰਕਡੇਲ ਐਵਨਿਊ ਨੌਰਥ ਤੇ ਰੌਕਸਬਰੋ ਐਵਨਿਊ ਉੱਤੇ ਇੱਕ ਲੜਕੀ ਦੇ ਜ਼ਖ਼ਮੀ ਹੋਣ ਦੀ ਖਬਰ ਮਿਲੀ। ਹੈਮਿਲਟਨ ਪੁਲਿਸ ਨੇ ਦੱਸਿਆ ਕਿ ਉਹ ਲੜਕੀ ਆਪਣੇ ਦੋਸਤਾਂ ਨਾਲ ਪਾਰਕਡੇਲ ਐਵਨਿਊ ਨੇੜੇ ਤੁਰੀ ਜਾ ਰਹੀ ਸੀ ਕਿ ਲਾਂਘੇ ਉੱਤੇ 2005 ਨਿਸਾਨ ਕੁਐਸਟ ਵੱਲੋਂ ਉਸ ਨੂੰ ਟੱਕਰ ਮਾਰ ਦਿੱਤੀ ਗਈ। ਪੁਲਿਸ ਨੇ ਦੱਸਿਆ ਕਿ ਗੱਡੀ ਦਾ ਡਰਾਈਵਰ ਉੱਥੇ ਰੁਕਣ ਦੀ ਥਾਂ ਉੱਤੇ ਭੱਜ ਨਿਕਲਿਆ।

ਪੈਰਾਮੈਡਿਕਸ ਨੇ ਦੱਸਿਆ ਕਿ ਲੜਕੀ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਪੁਲਿਸ ਨੇ ਐਤਵਾਰ ਸਵੇਰੇ ਦੱਸਿਆ ਕਿ ਹਾਦਸੇ ਨੂੰ ਅੰਜਾਮ ਦੇਣ ਤੋਂ ਬਾਅਦ ਮੌਕੇ ਉੱਤੇ ਨਾ ਰੁਕਣ ਲਈ ਹੈਮਿਲਟਨ ਦੀ 30 ਸਾਲਾ ਮਹਿਲਾ ਨੂੰ ਚਾਰਜ ਕੀਤਾ ਗਿਆ ਹੈ। ਪੁਲਿਸ ਵੱਲੋਂ ਉਸ ਮਹਿਲਾ ਦਾ ਨਾਂ ਨਹੀਂ ਦੱਸਿਆ ਗਿਆ। ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ।

## ਮੈਂਡੀਸਿਨੋ ਨੇ ਐਮਰਜੰਸੀਜ਼ ਐਕਟ ਕਮਿਸ਼ਨਰ ਨਾਲ ਕੰਮ ਕਰਨਾ ਦਾ ਪ੍ਰਗਟਾਇਆ ਤਹੱਈਆ



ਓਟਵਾ, 1 ਮਈ (ਪੋਸਟ ਬਿਊਰੋ) : ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਦਾ ਕਹਿਣਾ ਹੈ ਕਿ ਫਰੀਡਮ ਕੌਨਵੌਏ ਦੇ ਮੁਜ਼ਾਹਰੇ ਨੂੰ ਖ਼ਤਮ ਕਰਨ ਲਈ ਲਿਆਂਦੇ ਗਏ ਐਮਰਜੰਸੀ ਐਕਟ ਦੀ ਵਰਤੋਂ ਕਰਨ ਦੇ ਮਾਮਲੇ ਦੀ ਚੱਲ ਰਹੀ ਜਾਂਚ ਵਿੱਚ ਸਰਕਾਰ ਪੂਰਾ ਸਹਿਯੋਗ ਕਰਨ ਤੇ ਪਾਰਦਰਸ਼ਤਾ ਤੋਂ ਕੰਮ ਲੈਣ ਲਈ ਵਚਨਬੱਧ ਹੈ। ਪਰ ਉਨ੍ਹਾਂ ਇਸ ਫੈਸਲੇ ਨਾਲ ਸਬੰਧਤ ਗੁਪਤ ਕੈਬਨਿਟ ਦਸਤਾਵੇਜ਼ਾਂ ਨੂੰ ਸਾਂਝਾ ਕਰਨ ਲਈ ਕੋਈ ਹਾਮੀ ਨਹੀਂ ਭਰੀ।

ਇੱਕ ਇੰਟਰਵਿਊ ਵਿੱਚ ਮੈਂਡੀਸਿਨੋ ਨੇ ਆਖਿਆ ਕਿ ਇਸ ਮਾਮਲੇ ਵਿੱਚ ਓਟਵਾ ਵੱਲੋਂ ਜੱਜ ਪਾਲ ਰੂਲੋ, ਜੋ ਕਿ ਮਾਮਲੇ ਦੀ ਜਾਂਚ ਕਰ ਰਹੇ ਹਨ, ਨੂੰ ਪੂਰੀਆਂ ਸ਼ਕਤੀਆਂ ਦਿੱਤੀਆਂ ਗਈਆਂ ਹਨ ਤਾਂ ਕਿ ਇਹ ਪਤਾ ਲਾਇਆ ਜਾ ਸਕੇ ਕਿ ਇਸ ਐਕਟ ਦੀ ਵਰਤੋਂ ਕਰਨਾ ਵਾਜਿਬ ਸੀ ਜਾਂ ਨਹੀਂ। ਮੈਂਡੀਸਿਨੋ ਨੇ ਆਖਿਆ ਕਿ ਸਾਡਾ ਕੰਮ ਇਸ ਮਾਮਲੇ ਵਿੱਚ ਪੂਰਾ ਸਹਿਯੋਗ ਕਰਨਾ ਹੈ ਤੇ ਅਸੀਂ ਕਰ ਰਹੇ ਹਾਂ।

ਸੋਮਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਜ਼ਾਦਾਨਾ ਪਬਲਿਕ ਆਰਡਰ ਐਮਰਜੰਸੀ ਕਮਿਸ਼ਨ ਕਾਇਮ ਕਰਨ ਦਾ ਐਲਾਨ ਕੀਤਾ ਸੀ ਤੇ ਇਸ ਤਹਿਤ ਜਾਂਚ ਚੱਲ ਰਹੀ ਹੈ। ਲੰਮੇਂ ਸਮੇਂ ਤੋਂ ਜੱਜ ਰਹੇ ਰੂਲੋ ਵੱਲੋਂ ਇਸ ਮਾਮਲੇ ਵਿੱਚ ਆਪਣੀ ਰਿਪੋਰਟ 20 ਫਰਵਰੀ, 2023 ਤੱਕ ਪੇਸ਼ ਕੀਤੀ ਜਾਵੇਗੀ। ਉਨ੍ਹਾਂ ਵੱਲੋਂ ਇਹ ਜਾਂਚ ਕੀਤੀ ਜਾ ਰਹੀ ਹੈ ਕਿ ਫਰੀਡਮ ਕੌਨਵੌਏ ਦੇ ਮੁਜ਼ਾਹਰੇ ਸਮੇਂ ਸਰਕਾਰ ਵੱਲੋਂ ਲਾਏ ਗਏ ਐਮਰਜੰਸੀ ਐਕਟ ਦੀ ਸਾਰਥਕਤਾ ਕੀ ਸੀ ਤੇ ਕੀ ਇਹ ਲਾਇਆ ਜਾਣਾ ਜ਼ਰੂਰੀ ਸੀ?

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤਿੰਨ ਦਿਨਾਂ ਯੂਰਪ ਦੌਰੇ ਲਈ ਰਵਾਨਾ

### * ਰੂਸ-ਯੂਕਰੇਨ ਜੰਗ ਕਾਰਨ ਦੌਰਾ ਖਾਸ ਸਮਝਿਆ ਜਾ ਰਿਹੈ



ਨਵੀਂ ਦਿੱਲੀ, 2 ਮਈ, (ਪੋਸਟ ਬਿਊਰੋ)- ਭਾਰਤ ਦੇਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਤੜਕੇ ਜਰਮਨੀ, ਡੈਨਮਾਰਕ ਤੇ ਫਰਾਂਸ ਦੇ ਤਿੰਨ ਦਿਨਾਂ ਦੌਰੇ ਉੱਤੇ ਰਵਾਨਾ ਹੋ ਗਏ ਹਨ। ਇਸ ਦੌਰਾਨ ਉਹ ਲਗਪਗ 25 ਵੱਖ-ਵੱਖ ਪ੍ਰੋਗਰਾਮਾਂ ਵਿਚ ਸ਼ਾਮਲ ਹੋਣਗੇ। ਉਨ੍ਹਾਂ ਦਾ ਇਹ ਤਿੰਨ ਦਿਨਾ ਦੌਰਾ ਬਹੁਤ ਮਹੱਤਵ ਪੂਰਨ ਕਿਹਾ ਜਾ ਰਿਹਾ ਹੈ।

ਪ੍ਰਧਾਨ ਮੰਤਰੀ ਦਫਤਰ (ਪੀ ਐੱਮ ਓ) ਤੋਂ ਮਿਲੀ ਸੂਚਨਾ ਮੁਤਾਬਕ ਨਰਿੰਦਰ ਮੋਦੀ ਇਸ ਦੌਰੇ ਦੌਰਾਨ ਸੱਤ ਦੇਸ਼ਾਂ ਦੇ ਅੱਠ ਆਗੂਆਂ ਨਾਲ ਦੋ-ਪੱਖੀ ਤੇ ਬਹੁ-ਪੱਖੀ ਵਿਚਾਰਾਂ ਕਰਨਗੇ ਅਤੇ ਉਨ੍ਹਾਂ ਦੇਸ਼ਾਂ ਦੇ ਕਾਰੋਬਾਰੀਆਂ ਨੂੰਮਿਲ ਕੇ ਉਨ੍ਹਾਂ ਨੂੰ ਭਾਰਤ ਵਿਚ ਨਿਵੇਸ਼ ਲਈ ਕਹਿਣਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 4 ਮਈ ਨੂੰ ਦੇਸ਼ ਮੁੜਨ ਤੋਂ ਪਹਿਲਾਂ ਜਰਮਨੀ, ਡੈਨਮਾਰਕ ਤੇ ਪੈਰਿਸ ਵਿੱਚ ਰੁਕਣਗੇ। ਜਰਮਨੀ ਅਤੇ ਡੈਨਮਾਰਕ ਵਿੱਚਇੱਕ-ਇੱਕ ਰਾਤ ਵੀ ਬਿਤਾਉਣਗੇ।

ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਦੌਰਾ ਉਸ ਸਮੇਂਹੋ ਰਿਹਾ ਹੈ ਜਦੋਂ ਰੂਸ ਤੇ ਯੂਕਰੇਨਦੀ ਜੰਗ ਤੀਸਰੇ ਮਹੀਨੇ ਵਿੱਚ ਦਾਖਲ ਹੋ ਚੁੱਕੀ ਹੈ। ਇਸ ਜੰਗ ਕਾਰਨਯੂਕਰੇਨ ਦੇ 40 ਲੱਖ ਤੋਂ ਵੱਧ ਲੋਕ ਸ਼ਰਨਾਰਥੀ ਬਣ ਚੁੱਕੇ ਹਨ, ਅਰਬਾਂ ਦੀ ਜਾਇਦਾਦ ਦਾ ਨੁਕਸਾਨ ਹੋਇਆ ਅਤੇ ਜੰਗ ਕਾਰਨ ਪੱਛਮੀ ਦੇਸ਼ਾਂ ਨੇ ਰੂਸ ਉੱਤੇ ਕਈ ਪਾਬੰਦੀਆਂ ਲਾ ਦਿੱਤੀਆਂ ਹਨ। ਭਾਰਤ ਚਾਹੁੰਦਾ ਹੈ ਕਿ ਮੁੱਦਾ ਗੱਲਬਾਤ ਰਾਹੀਂ ਹੱਲ ਕੀਤਾ ਜਾਵੇ।ਉਹ ਇਸ ਮੁੱਦੇ ਉੱਤੇਯੂ ਐੱਨ ਜਨਰਲ ਅਸੈਂਬਲੀ ਅਤੇ ਸਕਿਓਰਟੀ ਕੌਂਸਲ ਵਿੱਚਰੂਸ ਵਿਰੁੱਧ ਲਿਆਂਦੇ ਮਤੇ ਉੱਤੇ ਵੋਟਿੰਗ ਤੋਂ ਗੈਰਹਾਜ਼ਰ ਰਿਹਾ ਹੈ।

## ਅਮਰੀਕੀ ਪਾਰਲੀਮੈਂਟ ਦੀ ਸਪੀਕਰ ਨੈਨਸੀ ਪੈਲੋਸੀ ਅਚਾਨਕ ਯੂਕਰੇਨ ਜਾ ਪਹੁੰਚੀ

### * ਅਣ-ਐਲਾਨੀ ਯਾਤਰਾ ਦੌਰਾਨ ਜ਼ੇਲੈਂਸਕੀ ਨਾਲ ਮੁਲਾਕਾਤ



ਕੀਵ, 1 ਮਈ, (ਪੋਸਟ ਬਿਊਰੋ)- ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਨੇ ਐਤਵਾਰ ਨੂੰ ਰੂਸ ਨਾਲ ਯੁੱਧ ਦੇ ਵਿਚਕਾਰ ਅਚਾਨਕ ਰਾਜਧਾਨੀ ਕੀਵ ਆ ਪਹੁੰਚੀ ਅਮਰੀਕੀ ਪਾਰਲੀਮੈਂਟ ਦੀ ਸਪੀਕਰ ਨੈਨਸੀ ਪੇਲੋਸੀ ਨਾਲ ਬੈਠਕ ਕੀਤੀ। ਪੇਲੋਸੀ ਦੇ ਅਣ-ਐਲਾਨੇ ਦੌਰੇ ਉੱਤੇ ਕੀਵ ਪੁੱਜਣ ਬਾਰੇ ਜ਼ੇਲੈਂਸਕੀ ਨੇ ਕਿਹਾ, "ਮੈਂ ਯੂਕਰੇਨ ਲਈ ਮਜ਼ਬੂਤ ਸਮੱਰਥਨ ਦੇ ਸੰਕੇਤ ਲਈ ਧੰਨਵਾਦੀ ਹਾਂ।' ਉਨ੍ਹਾਂ ਦੀ ਮੁਲਾਕਾਤ ਦਾ ਵੀਡੀਓ ਟੈਲੀਗ੍ਰਾਮ ਉੱਤੇਪਾਇਆ ਗਿਆ ਸੀ। ਪੇਲੋਸੀ ਤੇ ਅੱਧੀ ਦਰਜਨ ਅਮਰੀਕੀ ਪਾਰਲੀਮੈਂਟ ਮੈਂਬਰਾਂ ਨੇ ਜੰਗ ਦੇ ਯਤਨਾਂ ਦੇ ਸਿੱਧੇ ਮੁਲਾਂਕਣ ਲਈ ਜ਼ੇਲੈਂਸਕੀ ਤੇ ਉਸਦੇ ਪ੍ਰਮੁੱਖ ਸਹਿਯੋਗੀਆਂ ਨਾਲ ਸ਼ਨੀਵਾਰ ਦੇਰ ਰਾਤ ਤਿੰਨ ਘੰਟੇ ਤੱਕ ਮੁਲਾਕਾਤ ਕੀਤੀ।

## ਇਟੋਬੀਕੋ ਵਿੱਚ ਚੱਲੀ ਗੋਲੀ, ਇੱਕ ਹਲਾਕ ਇੱਕ ਜ਼ਖ਼ਮੀ



ਇਟੋਬੀਕੋ, 1 ਮਈ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਨੌਰਥ ਇਟੋਬੀਕੋ ਵਿੱਚ ਵਾਪਰੀ ਸ਼ੂਟਿੰਗ ਦੀ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਇੱਕ ਹੋਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ।

ਗੋਲੀਆਂ ਚੱਲਣ ਦੀ ਖਬਰ ਮਿਲਣ ਤੋਂ ਬਾਅਦ ਟੋਰਾਂਟੋ ਪੁਲਿਸ ਨੂੰ ਸ਼ਾਮੀਂ 6:00 ਵਜੇ ਤੋਂ ਪਹਿਲਾਂ ਮਾਊਂਟ ਓਲੀਵੀਆ ਡਰਾਈਵ ਤੇ ਕਿਪਲਿੰਗ ਐਵਨਿਊ ਇਲਾਕੇ ਵਿੱਚ ਸਥਿਤ ਕਾਂਪਲੈਕਸ ਵਿੱਚ ਸੱਦਿਆ ਗਿਆ। ਇੰਸਪੈਕਟਰ ਸਕੌਟ ਪਰਚਿਜ਼ ਨੇ ਆਖਿਆ ਕਿ ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੂੰ ਇੱਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ। ਜ਼ਖ਼ਮੀ ਵਿਅਕਤੀ ਨੂੰ ਲੋਕਲ ਟਰੌਮਾ ਸੈਂਟਰ ਲਿਜਾਇਆ ਗਿਆ ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਹੋਮੀਸਾਈਡ ਯੂਨਿਟ ਵੱਲੋਂ ਮਾਮਲੇ ਦੀ ਜਾਂਚ ਆਪਣੇ ਹੱਥ ਵਿੱਚ ਲੈ ਲਈ ਗਈ ਹੈ। ਪਰਚਿਜ਼ ਨੇ ਦੱਸਿਆ ਕਿ ਇਸ ਸਮੇਂ ਉਨ੍ਹਾਂ ਕੋਲ ਬਹੁਤ ਹੀ ਘੱਟ ਵੇਰਵੇ ਹਨ। ਜਾਂਚਕਾਰ ਘਟਨਾ ਵਾਲੀ ਥਾਂ ਦਾ ਮੁਆਇਨਾ ਕਰ ਰਹੇ ਹਨ ਤੇ ਹੋਮੀਸਾਈਡ ਯੂਨਿਟ ਵੀ ਵੱਧ ਤੋਂ ਵੱਧ ਸਬੂਤ ਇੱਕਠੇ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਇੱਕ ਹੋਰ ਵਿਅਕਤੀ, ਜੋ ਕਿ ਗੋਲੀ ਲੱਗਣ ਕਾਰਨ ਜ਼ਖ਼ਮੀ ਸੀ, ਉਨ੍ਹਾਂ ਨੂੰ ਨੇੜਲੇ ਕਮਿਊਨਿਟੀ ਸੈਂਟਰ ਵਿੱਚ ਮਿ-ਲਿਆ।

ਟੋਰਾਂਟੋ ਪੈਰਾਮੈਡਿਕਸ ਨੇ ਦੱਸਿਆ ਕਿ ਉਸ ਨੂੰ ਗੰਭੀਰ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਪੁਲਿਸ ਚਸ਼ਮਦੀਦਾਂ ਨੂੰ ਸਾਹਮਣੇ ਆਉਣ ਤੇ ਮਾਮਲੇ ਦੀ ਜਾਣਕਾਰੀ ਰੱਖਣ ਵਾਲਿਆਂ ਨੂੰ ਉਨ੍ਹਾਂ ਨੂੰ ਸੰਪਰਕ ਕਰਨ ਲਈ ਆਖ ਰਹੀ ਹੈ।


NOW HIRING !!!
ALLKIND INSURANCE
Life Insurance • Critical illness Ins • Travel & Visitor Ins • RESP & TFSA & RRSP
Super Visa Insurance • Mortgage Insurance • Disability Insurance • Funeral Insurance
SIMRAN SAINI 416.994.7272
www.allkindinsurance.com

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
KSG Pest Control Inc. www.ksgpestcontrol.ca ksgpestcontrol@gmail.com
Amarjeet Singh Gill

Law Office of Aman Sharma
Real Estate • Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
Immigration • Family Law • Corporate • Real Estate • Business Closing • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL
416 938 4598

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
www.ufsinsurance.com

MOTEL FOR SALE ON HWY 7
IN THE MIDDLE OF TORONTO AND OTTAWA
$1,275,000
Excellent Cash Flow And Low Vacancy Rate
Low Operating Costs
Many Recent Upgrades To Rooms
New Security Camera System
Plan Approved For Additional Unit
RAJ HANDA BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO
DATA, TALK, & TEXT PLAN OR HIGHER



1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

chatr™ AUTHORIZED DEALER

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਪਟਿਆਲਾ ਹਿੰਸਾ: ਹਿੰਸਾ ਭੜਕਾਉਣ ਦੇ ਮੁੱਖ ਦੋਸ਼ੀ ਬਰਜਿੰਦਰ ਪਰਵਾਨਾ ਤੇ ਗੱਗੀ ਸਮੇਤ 9 ਦੋਸ਼ੀ ਗ੍ਰਿਫ਼ਤਾਰ



ਪਟਿਆਲਾ, 1 ਮਈ, (ਪੋਸਟ ਬਿਊਰੋ)- ਬੀਤੀ 29 ਅਪ੍ਰੈਲ 2022 ਨੂੰ ਇਸ ਰਿਆਸਤੀ ਸ਼ਹਿਰ ਦੇ ਕਾਲੀ ਦੇਵੀ ਮੰਦਿਰ ਨੇੜੇ ਹੋਏ ਦੋ ਧਿਰਾਂ ਦੇ ਆਪਸੀ ਟਕਰਾਅ ਦੇ ਕੇਸ ਵਿੱਚ ਲੋੜੀਂਦੇ ਬਰਜਿੰਦਰ ਸਿੰਘ ਪਰਵਾਨਾ ਤੋਂ ਬਿਨਾ ਸ਼ਿਵ ਸੈਨਾ ਬਾਲ ਠਾਕਰੇ ਦੇ ਜ਼ਿਲ੍ਹਾ ਪ੍ਰਧਾਨ ਸ਼ੰਕਰ ਭਾਰਦਵਾਜ ਤੇ ਸੋਸ਼ਲ ਮੀਡੀਆ ਉੱਤੇ ਭੜਕਾਊ ਪੋਸਟਾਂ ਪਾਉਣ ਵਾਲੇ ਅਸ਼ਵਨੀ ਕੁਮਾਰ ਗੱਗੀ ਪੰਡਿਤ ਸਮੇਤ 9 ਜਣਿਆਂ ਨੂੰ ਪਟਿਆਲਾ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ।

ਇਹ ਖੁਲਾਸਾ ਅੱਜ ਪਟਿਆਲਾ ਰੇਂਜ ਦੇ ਆਈਜੀ ਮੁਖਵਿੰਦਰ ਸਿੰਘ ਛੀਨਾ, ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਅਤੇ ਐੱਸਐੱਸਪੀ ਦੀਪਕ ਪਾਰਿਖ ਨੇ ਪ੍ਰੈਸ ਕਾਨਫਰੰਸ ਵਿੱਚ ਕੀਤਾ ਹੈ। ਆਈਜੀ ਛੀਨਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਹਦਾਇਤਾਂ ਮੁਤਾਬਕ ਗ਼ੈਰ ਸਮਾਜੀ ਅਨਸਰਾਂ ਤੇ ਦੇਸ਼ ਵਿਰੋਧੀ ਹਰਕਤਾਂ ਕਰਨ ਵਾਲਾ ਕੋਈ ਵੀ ਦੋਸ਼ੀ ਛੱਡਿਆ ਨਹੀਂ ਜਾਵੇਗਾ, ਪਰ ਕਿਸੇ ਨਿਰਦੋਸ਼ ਨੂੰ ਤੰਗ ਨਹੀਂ ਕੀਤਾ ਜਾਵੇਗਾ। ਉਨ੍ਹਾਂਕਿਹਾ ਕਿ ਬਰਜਿੰਦਰ ਸਿੰਘ ਪਰਵਾਨਾ ਨੂੰ ਐੱਸਏਐੱਸ ਨਗਰ ਤੋਂ ਫੜਿਆ ਅਤੇ ਉਸਦਾ ਅਦਾਲਤਨੇਪੁਲਿਸ ਰਿਮਾਂਡ ਦਿੱਤਾ ਹੈ, ਇਸ ਦੇ ਬਾਅਦ ਜਾਂਚ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਹਿੰਸਕ ਘਟਨਾ ਵਿੱਚ ਨਾਮਜ਼ਦ ਹੋਰ ਲੋਕਾਂ, ਸ਼ਿਵਦੇਵ ਪਿੰਡ ਬਾਲ ਸਿਕੰਦਰ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ, ਦਵਿੰਦਰ ਸਿੰਘ ਵਾਸੀ ਜੀਂਦ ਅਤੇ ਰਾਜਿੰਦਰ ਸਿੰਘ ਵਾਸੀ ਸਮਾਣਾ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਅਤੇ ਕੁਲ 9 ਗ੍ਰਿਫ਼ਤਾਰੀਆਂ ਹੋਈਆਂ ਹਨ। ਆਈ ਜੀ ਨੇ ਸਖ਼ਤ ਸੁਨੇਹਾ ਦਿੱਤਾ ਕਿ ਸਨਸਨੀਖੇਜ਼ ਖ਼ਬਰਾਂ ਫੈਲਾਉਣ ਤੇ ਸੋਸ਼ਲ ਮੀਡੀਆ ਉੱਤੇ ਭੜਕਾਊ ਸਮੱਗਰੀ ਪਾਉਣ ਵਾਲਿਆਂ ਖ਼ਿਲਾਫ਼ ਵੀ ਸਖ਼ਤ ਕਾਨੂੰਨੀ ਕਾਰਵਾਈ ਹੋਵੇਗੀ।

ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਅਪੀਲ ਕੀਤੀ ਕਿ ਜ਼ਿਲ੍ਹੇ ਵਿੱਚ ਅਮਨ ਰੱਖਣ ਲਈ ਕੋਈ ਤੱਥਹੀਣ ਪੋਸਟ ਟਵਿੱਟਰ, ਇੰਸਟਾਗ੍ਰਾਮ ਜਾਂ ਫੇਸਬੁਕ ਸਮੇਤ ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮਾਂ ਉੱਤੇ ਨਾ ਪਾਈ ਜਾਵੇ, ਜਿਹੜੀ ਸਮਾਜ ਵਿੱਚ ਦੋ ਭਾਈਚਾਰਿਆਂ ਦੇ ਲੋਕਾਂ ਵਿੱਚ ਝਗੜਾ ਪੈਦਾ ਕਰਦੀ ਹੋਵੇ। ਐੱਸ ਐੱਸਪੀ ਦੀਪਕ ਪਾਰਿਖ ਨੇ ਕਿਹਾ ਕਿ ਕੇਸ ਦੀ ਪੂਰੀ ਪੜਤਾਲ ਕਰਕੇ ਪੁਲਸ ਤਹਿ ਤੱਕ ਜਾ ਕੇ ਅਸਲ ਦੋਸ਼ੀਆਂ ਨੂੰ ਬੇਨਕਾਬ ਕਰੇਗੀ।

ਪਟਿਆਲਾ ਦੀ ਹਿੰਸਕ ਝੜੱਪ ਦੇ ਮੁੱਖਦੋਸ਼ੀ ਬਰਜਿੰਦਰ ਪਰਵਾਨਾ ਉੱਤੇ ਪੁਲਸ ਨੇ ਸ਼ਿਕੰਜਾ ਕੱਸ ਦਿੱਤਾ ਹੈ। ਅੱਜ ਗ੍ਰਿਫ਼ਤਾਰੀ ਮਗਰੋਂਉਸ ਨੂੰ ਅਦਾਲਤ ਪੇਸ਼ ਕੀਤਾ ਤਾਂ ਅਦਾਲਤ ਨੇ 4 ਦਿਨਾ ਪੁਲਸ ਰਿਮਾਂਡਦਿੱਤਾ ਹੈ। ਬਰਜਿੰਦਰਸਿੰਘ ਉੱਤੇ ਲੋਕਾਂ ਨੂੰ ਵਿਰੋਧ ਪ੍ਰਦਰਸ਼ਨ ਲਈ ਉਕਸਾਉਣ ਦਾ ਦੋਸ਼ ਹੈ ਅਤੇ ਜਦੋਂ ਵਿਰੋਧ ਹਿੰਸਕ ਹੋ ਗਿਆ ਤਾਂ ਉਹ ਫਰਾਰ ਹੋ ਗਿਆ ਸੀ। ਇਸੇ ਕੇਸਦੇਕੁਝ ਹੋਰ ਦੋਸ਼ੀ ਵੀ ਅਦਾਲਤ ਨੇ 4 ਦਿਨਾ ਪੁਲਸ ਰਿਮਾਂਡ ਉੱਤੇ ਭੇਜ ਦਿੱਤੇ ਹਨ।

# ਅਮਰੀਕੀ ਪਾਰਲੀਮੈਂਟ ਦੀ ਸਪੀਕਰ ਨੈਨਸੀ ਪੈਲੋਸੀ ਅਚਾਨਕ ਯੂਕਰੇਨ ਜਾ ਪਹੁੰਚੀ

ਪੰਨਾ 1 ਦਾ ਬਾਕੀ

ਅਮਰੀਕ ਦੀ ਸਰਕਾਰ ਵਿੱਚ ਰਾਸ਼ਟਰਪਤੀ ਜੋ ਬਾਇਡੇਨ ਅਤੇ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਬਾਅਦ ਤੀਸਰੀ ਸਭ ਤੋਂ ਵੱਡੀ ਆਗੂ ਤੇ ਪਾਰਲੀਮੈਂਟ ਦੇ ਚੁਣੇ ਹੋਏ ਹਾਊਸ ਦੀ ਸਪੀਕਰ ਨੈਨਸੀ ਪੈਲੋਸੀ ਨੇ ਕਿਹਾ ਕਿ ਉਨ੍ਹਾ ਦਾ ਵਫ਼ਦ ਜ਼ੇਲੈਂਸਕੀ ਦੀ ਅਗਵਾਈ ਨੂੰ ਸਲਾਮ ਕਰਦਾ ਅਤੇ ਲੋਕਤੰਤਰ ਦੀ ਸ਼ਾਨਦਾਰ ਰੱਖਿਆ ਲਈ ਯੂਕਰੇਨ ਦੇ ਲੋਕਾਂ ਦੀ ਤਾਰੀਫ਼ ਕਰਦਾ ਹੈ।ਪੇਲੋਸੀ ਨੇ ਟਵੀਟ ਕੀਤਾ ਕਿ ਸਾਡੇ ਵਫ਼ਦ ਨੇ ਕੀਵ ਵਿੱਚ ਜ਼ੇਲੈਂਸਕੀ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਦੀ ਅਗਵਾਈ ਤੇ ਹੌਸਲੇ ਨੂੰ ਸਲਾਮ ਕੀਤਾ। ਲੋਕਤੰਤਰ ਦੀ ਸ਼ਾਨਦਾਰ ਰਾਖੀ ਲਈ ਯੂਕਰੇਨ ਦੇ ਲੋਕਾਂ ਦੀ ਤਾਰੀਫ਼ ਕਰਨਾ ਤੇ ਇਹ ਕਹਿਣਾ ਬਣਦਾ ਹੈ ਕਿ ਜਿੱਤਣ ਤੱਕ ਅਸੀਂ ਤੁਹਾਡੇ ਨਾਲ ਹਾਂ। ਪੇਲੋਸੀ ਨੇ ਕਿਹਾ ਕਿ ਸਾਡੇ ਵਫ਼ਦ ਨੇ ਦੁਨੀਆ ਨੂੰ ਸ਼ਾਨਦਾਰ ਸੰਦੇਸ਼ ਦੇਣ ਲਈ ਕੀਵ ਯਾਤਰਾ ਕੀਤੀ ਹੈ। ਅਮਰੀਕਾ ਯੂਕਰੇਨ ਦੇ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ। ਇਸ ਤੋਂ ਪਹਿਲਾਂ ਕਈ ਦੇਸ਼ਾਂ ਦੇ ਮੁਖੀ ਕੀਵ ਦੌਰਾ ਕਰ ਚੁੱਕੇ ਹਨ ਅਤੇ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਅਤੇ ਰੱਖਿਆ ਮੰਤਰੀ ਆਸਟਿਨ ਲੋਇਡ ਨੇ ਵੀ ਕੀਵ ਦਾ ਦੌਰਾ ਕੀਤਾ ਅਤੇ ਮਦਦ ਦਾ ਭਰੋਸਾ ਦਿੱਤਾ ਸੀ।ਕੈਲੀਫੋਰਨੀਆ ਦੀ ਡੈਮੋਕਰੇਟ ਆਗੂ ਨੈਨਸੀ ਪੇਲੋਸੀ ਯੂਕਰੇਨ ਦੌਰਾ ਕਰਨ ਵਾਲੀ ਸਭ ਤੋਂ ਸੀਨੀਅਰ ਅਮਰੀਕੀ ਪਾਰਲੀਮੈਂਟ ਮੈਂਬਰ ਹੈ।ਰੂਸ ਦੀ ਜੰਗ ਦੋ ਮਹੀਨੇ ਪਹਿਲਾਂ ਸ਼ੁਰੂ ਹੋਈ ਸੀ।ਉਨ੍ਹਾ ਤੋਂ ਪਹਿਲਾਂ ਯੂ ਐੱਨ ਸੈਕਟਰੀ ਜਨਰਲ ਵੀ ਉਥੇ ਗਏ ਸਨ।

# ਚੱਲਦੀ ਜੰਗ ਦੌਰਾਨ ਪੁਤਿਨ ਕੈਂਸਰ ਦੀ ਸਰਜਰੀ ਕਰਵਾਉਣ ਲੱਗਾ

*** ਖੁਫੀਆ ਏਜੰਸੀ ਦੇ ਸਾਬਕਾ ਮੁਖੀ ਨੂੰ ਅਸਥਾਈ ਆਗੂ ਬਣਾਇਆ ਜਾਵੇਗਾ**



ਮਾਸਕੋ, 1 ਮਈ, (ਪੋਸਟ ਬਿਊਰੋ)- ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਕੁਝ ਦਿਨਯੂਕਰੇਨਵਾਲੀ ਜੰਗ ਦਾ ਕੰਟਰੋਲ ਛੱਡਣਾ ਪੈ ਸਕਦਾ ਹੈ, ਉਨ੍ਹਾਂ ਦੀ ਕੈਂਸਰ ਦੀ ਸਰਜਰੀ ਹੋਣ ਵਾਲੀ ਹੈ। ਇਸ ਦੌਰਾਨ ਉਹ ਕੱਟੜਪੰਥੀ ਐੱਫਐੱਸਬੀ ਦੇ ਸਾਬਕਾ ਮੁਖੀ ਨਿਕੋਲਾਈ ਪੇਤਰੂਸ਼ੇਵ ਨੂੰ ਕੁਝ ਸਮੇਂ ਲਈ ਕੰਟਰੋਲ ਲੈਣ ਲਈ ਨਾਮਜ਼ਦ ਕਰਨਗੇ, ਜਿਹੜਾ ਜੰਗ ਨੂੰ ਅਸਥਾਈ ਤੌਰ ਉੱਤੇਕੰਟਰੋਲ ਕਰਨ ਲਈ ਚਾਕੂ ਦੀ ਨੋਕ ਉੱਤੇ ਕੰਮ ਕਰਨ ਵਾਂਗ ਹੋਵੇਗਾ।

ਮੀਡੀਆ ਰਿਪੋਰਟਾਂ ਮੁਤਾਬਕ ਰੂਸ ਦੀ ਸੁਰੱਖਿਆ ਕੌਂਸਲ ਦੇ ਮੌਜੂਦਾ ਸੈਕਟਰੀ 70 ਸਾਲਾ ਪੇਤਰੂਸ਼ੇਵ ਨੂੰ ਅਜੇ ਵੀ ਯੁੱਧ ਰਣਨੀਤੀ ਦਾਮੁੱਖ ਆਰਕੀਟੈਕਟ ਮੰਨਿਆ ਜਾਂਦਾ ਹੈ। ਪੇਤਰੂਸ਼ੇਵ ਨੇ ਹੀ ਪੁਤਿਨ ਨੂੰ ਯਕੀਨ ਦਿਵਾਇਆ ਸੀ ਕਿ ਕੀਵ ਨਵ-ਨਾਜ਼ੀਆਂ ਨਾਲ ਭਰ ਗਿਆ ਹੈ। ਰਿਪੋਰਟਾਂ ਮੁਤਾਬਕ ਪੇਤਰੂਸ਼ੇਵ ਰੂਸ ਦੀ ਸਰਕਾਰਵਿੱਚ ਚੰਗੀ ਤਰ੍ਹਾਂ ਸਥਾਪਿਤ ਹੈ।ਰਾਸ਼ਟਰਪਤੀ ਵਲਾਦੀਮੀਰ ਪੁਤਿਨ ਸਰਜਰੀ ਤੋਂ ਬਾਅਦ ਕਦੋਂ ਤੱਕ ਕੰਮ ਕਰਨ ਯੋਗ ਹੋਣਗੇ, ਇਸ ਦਾ ਅੰਦਾਜ਼ਾ ਨਹੀਂ ਹੈ, ਪਰ ਸਰਕਾਰ ਦਾ ਖਿਆਲ ਹੈ ਕਿ ਥੋੜ੍ਹਾ ਸਮਾਂ ਲੱਗੇਗਾ। ਪੁਤਿਨ ਦੇ ਸੱਤਾ ਤਬਾਦਲੇ ਲਈ ਸਹਿਮਤ ਹੋਣ ਦੀ ਆਸ ਨਹੀਂ ਸੀ, ਪਰ ਉਹ ਰੂਸ ਤੇ ਯੁੱਧ ਦੇ ਯਤਨਾਂ ਨੂੰ ਕੰਟਰੋਲ ਕਰਨ ਲਈ ਕਿਸੇ ਹੋਰ ਨੂੰ ਸੱਤਾ ਸੌਂਪਣਾਮੰਨ ਗਏ। ਪੁਤਿਨ ਦਾ ਛੇਤੀ ਆਪ੍ਰੇਸ਼ਨ ਹੋਣਾ ਹੈ ਅਤੇ ਉਹ ਸਮਝਦਾ ਹੈ ਕਿਪੇਤਰੂਸ਼ੇਵ ਕੋਲ ਦੇਸ਼ ਦਾ ਅਸਲ ਕੰਟਰੋਲ ਸ਼ਾਇਦ ਦੋ-ਤਿੰਨ ਦਿਨਾਂ ਲਈਹੋਵੇਗਾ।ਅਖਬਾਰ ਡੇਲੀ ਮੇਲ ਦੀ ਰਿਪੋਰਟ ਮੁਤਾਬਕਰੂਸੀ ਸੰਵਿਧਾਨ ਹੇਠਸੱਤਾ ਪ੍ਰਧਾਨ ਮੰਤਰੀ ਕੋਲ ਚਾਹੀਦੀ ਹੈ।ਇਸ ਦੌਰਾਨ ਖਬਰ ਹੈ ਕਿ ਪੁਤਿਨ ਛੇਤੀ ਹੀ ਯੂਕਰੇਨਵਿੱਚ ਆਲ-ਆਊਟ ਯੁੱਧ ਸ਼ੁਰੂ ਕਰੇਗਾਅਤੇ ਇਸ ਦੇ ਲਈ ਫ਼ੌਜੀ ਉਮਰ ਦੇ ਪੁਰਸ਼ਾਂ ਦੀ ਜਨਤਕ ਲਾਮਬੰਦੀ ਦਾ ਆਦੇਸ਼ ਦੇਵੇਗਾ, ਜੋ ਸਿਆਸੀ ਤੌਰ ਉੱਤੇ ਖਤਰਨਾਕ ਹੋ ਸਕਦਾ ਹੈ।

ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਪੇਟ ਦਾ ਕੈਂਸਰ ਹੈ। ਉਸ ਨੂੰ 18 ਮਹੀਨੇ ਪਹਿਲਾਂ ਪਾਰਕਿੰਸਨ ਵੀ ਹੋਇਆ ਸੀ।ਅਖਬਾਰ ਦੀ ਰਿਪੋਰਟ ਅਨੁਸਾਰ ਉਸਨੇ ਕੈਂਸਰ ਦੀ ਸਰਜਰੀ ਵਿੱਚ ਦੇਰੀ ਕੀਤੀ ਹੈ। ਉਨ੍ਹਾਂ ਨੂੰ ਸਰਜਰੀ ਕਰਵਾਉਣ ਦੀ ਮਿਤੀ ਉੱਤੇ ਚਰਚਾ ਚੱਲ ਰਹੀ ਹੈ ਅਤੇ ਸਹਿਮਤੀ ਦਿੱਤੀ ਜਾ ਰਹੀ ਹੈ।

# ਗੋਆ ਤੇ ਮਾਲਦੀਵ ਸਭ ਤੋਂ ਵੱਧ ਪਸੰਦ ਵਾਲੇ ਸੈਲਾਨੀ ਅੱਡੇ ਬਣੇ



ਨਵੀਂ ਦਿੱਲੀ, 1 ਮਈ (ਪੋਸਟ ਬਿਊਰੋ)- ਟ੍ਰੈਵਲਿੰਗ ਜੀਵਨ ਨੂੰ ਰੋਮਾਂਚਿਕ ਬਣਾ ਦਿੰਦਾ ਹੋਣ ਕਾਰਨ ਸੀ ਆਰ ਈ ਡੀ ਦੇ ਮੈਂਬਰਾਂ ਨੇ ਘਰੇਲੂ, ਕੌਮਾਂਤਰੀ, ਆਫਬੀਟ, ਪਾਪੂਲਰ ਡੈਸਟੀਨਸ਼ਨ, ਠਹਿਰਨ ਦੀ ਜਗ੍ਹਾ ਅਤੇ ਵਰਕਸਟੇਸ਼ਨ ਆਦਿ ਲਈ ਸਾਰੇ ਟਰੈਵਲ ਆਪਸ਼ਨ ਨੂੰ ਐਕਸਪਲੋਰ ਕੀਤਾ। ਬੁਕਿੰਗ ਡਾਟਾ ਦੇ ਆਧਾਰ ਉੱਤੇ 2022 ਦੀ ਪਹਿਲੀ ਤਿਮਾਹੀ ਵਿੱਚ ਕੀਤੀ ਗਈ ਬੁਕਿੰਗ ਦੀ ਜਾਣਕਾਰੀ ਵੀ ਸ਼ੇਅਰ ਕੀਤੀ ਗਈ ਹੈ। 2000 ਤੋਂ ਵੱਧ ਯਾਤਰੀਆਂ ਨੇ ਪੱਛਮੀ ਤਟ ਦੀ ਯਾਤਰਾ ਕਰਨ ਲਈ ਗੋਆ ਨੂੰ ਚੁਣਿਆ। ਰੁਕਣ ਲਈ ਯਾਤਰੀਆਂ ਨੇ ਸਭ ਤੋਂ ਜ਼ਿਆਦਾ ਹਾਰਡ ਰਾਕ ਹੋਟਲ, ਰੈਡੀਸਨ ਰਿਜ਼ਾਰਟ ਕੈਂਡੋਲਿਮ ਅਤੇ ਹਾਲੀਡੇ ਇਨ ਨੂੰ ਚੁਣਿ-ਆ, ਕਿਉਂਕਿ ਇੱਥੇ ਸਪੈਸ਼ਲ ਸਹੂਲਤਾਂ ਮਿਲਦੀਆਂ ਹਨ ਜਿਵੇਂ ਲਾਜਵਾਬ ਖਾਣਾ, ਰੂਮ ਅਪਗ੍ਰੇਡਸ, ਕੈਂਸਲ ਕਰਨ ਉੱਤੇ ਫੁਲ ਰਿਫੰਡ ਹੋਰ ਵੀ ਬਹੁਤ ਕੁਝ।

ਟ੍ਰੈਵਲਿੰਗ ਦੇ ਲਈ ਯਾਤਰੀਆਂ ਦੀ ਭਾਰਤ ਵਿੱਚ ਦੂਸਰੀ ਪਸੰਦ ਕਰਨਾਟਕ ਦੀ ਖੂਬਸੂਰਤ ਥਾਂ ਕੂਰਗ ਸੀ। ਕੂਰਗ ਦੀ ਹਰੀ-ਭਰੀ ਵੈਲਕਮ ਹੈਰੀਟੇਜ ਨੂੰ ਸਭ ਤੋਂ ਵੱਧ ਬੁਕਿੰਗ ਮਿਲੀ, ਕਿਉਂਕਿ ਇੱਥੇ ਵਾਟਰਫਾਲ ਦੇ ਨਾਲ ਮਨਮੋਹਕ ਸ਼ਾਂਤੀ ਹੈ, ਜੋ ਯਾਤਰੀਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੀ ਹੈ।

ਇੰਟਰਨੈਸ਼ਨਲ ਹੋਲੀਡੇ ਡੈਸਟੀਨੇਸ਼ਨ ਵਿੱਚ ਮਾਲਦੀਵ ਸਭ ਤੋਂ ਵੱਧ ਪਸੰਦ ਕੀਤੇ ਜਾਣ ਵਾਲਾ ਦੇਸ਼ ਹੈ। ਤਿੰਨ ਰਾਤ ਅਤੇ ਚਾਰ ਦਿਨ ਰੁਕਣ ਦਾ ਔਸਤ ਖਰਚਾ 1,40,000 ਹੈ। ਇੱਥੇ ਸੀ-ਪਲੇਨ ਟਰਾਂਸਫਰ, ਸ਼ਰਾਬ, ਵਾਟਰ ਸਪੋਰਟਸ, ਤੈਰਨ ਵਰਗੀਆਂ ਕਈ ਸਹੂਲਤਾਂ ਹਨ। ਯੂਰਪ ਅਤੇ ਦੁਬਈ ਇੰਟਰਨੈਸ਼ਨਲ ਹਾਲੀਡੇ ਡੈਸਟੀਨੇਸ਼ਨ ਵਿੱਚ ਦੂਸਰੇ ਅਤੇ ਤੀਸਰੇ ਨੰਬਰ ਉੱਤੇ ਹਨ। ਏਸ਼ੀਆ ਵਿੱਚ ਗੋਆ ਅਤੇ ਮਾਲਦੀਵ ਦਾ ਰੁਤਬਾ ਕਾਫੀ ਉੱਚਾ ਹੈ।

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

# ਪ੍ਰਧਾਨ ਮੰਤਰੀ ਮੋਦੀ ਨੇ ਕਿਹਾ: ਹੋਰ ਦੇਸ਼ਾਂ ਨਾਲ ਭਾਰਤ ਦੇ ਸਬੰਧਾਂ ਵਿੱਚ ਸਿੱਖਾਂ ਦੀ ਮਜ਼ਬੂਤ ਕੜੀ



ਨਵੀਂ ਦਿੱਲੀ, 1 ਮਈ (ਪੋਸਟ ਬਿਊਰੋ)- ਨਵੇਂ ਭਾਰਤ ਵੱਲੋਂ ਪੂਰੀ ਦੁਨੀਆ ਵਿੱਚ ਆਪਣਾ ਪ੍ਰਭਾਵ ਛੱਡਣ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੱਲ੍ਹ ਆਪਣੀ ਰਿਹਾਇਸ਼ ਉੱਤੇ ਸਿੱਖਾਂ ਦੇ ਵਫ਼ਦ ਨਾਲ ਗੱਲਬਾਤ ਵਿੱਚ ਕਿਹਾ ਕਿ ਸਿੱਖ ਭਾਈਚਾਰਾ ਹੋਰ ਮੁਲਕਾਂ ਨਾਲ ਭਾਰਤ ਦੇ ਸੰਬੰਧਾਂ ਵਿੱਚ ਇੱਕ ਮਜ਼ਬੂਤ ਕੜੀ ਹੈ। ਆਪਣੇ ਸੰਬੋਧਨ ਵਿੱਚ ਉਨ੍ਹਾਂ ਕਿਹਾ ਕਿ ਪੂਰਾ ਦੇਸ਼ ਆਜ਼ਾਦੀ ਦੇ ਸੰਘਰਸ਼ ਅਤੇ ਆਜ਼ਾਦੀ ਤੋਂ ਬਾਅਦ ਦੇ ਦੌਰ ਵਿੱਚ ਸਿੱਖਾਂ ਦੇ ਯੋਗਦਾਨ ਲਈ ਉਨ੍ਹਾਂ ਦਾ ਧੰਨਵਾਦੀ ਹੈ। ਪ੍ਰਧਾਨ ਮੰਤਰੀ ਨੂੰ ਮਿਲਣ ਵਾਲੇ ਵਫ਼ਦ ਵਿੱਚ ਵੱਖ-ਵੱਖ ਵਰਗਾਂ ਦੇ ਸਿੱਖ ਸ਼ਾਮਲ ਸਨ।

ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, ''ਗੁਰੂਆਂ ਨੇ ਲੋਕਾਂ ਨੂੰ ਪ੍ਰੇਰਿਤ ਕੀਤਾ ਅਤੇ ਸਿੱਖ ਪਰੰਪਰਾ ਅਸਲ ਵਿੱਚ 'ਏਕ ਭਾਰਤ, ਸ੍ਰੇਸ਼ਠ ਭਾਰਤ' ਦੀ ਜਿਊਂਦੀ ਜਾਗਦੀ ਰਵਾਇਤ ਹੈ।'' ਉਨ੍ਹਾਂ ਕਿਹਾ ਕਿ ਨਵਾਂ ਭਾਰਤ ਦੁਨੀਆ ਉੱਤੇਇੱਕ ਛਾਪ ਛੱਡ ਰਿਹਾ ਹੈ ਤੇ ਇਸ ਦੀ ਸਭ ਤੋਂ ਵੱਡੀ ਮਿਸਾਲ ਕਰੋਨਾ ਮਹਾਮਾਰੀ ਦਾ ਸਮਾਂ ਹੈ। 'ਮਹਾਮਾਰੀ ਦੇ ਸ਼ੁਰੂ ਵਿੱਚ ਪੁਰਾਣੀ ਮਾਨਸਿਕਤਾ ਵਾਲੇ ਲੋਕ ਭਾਰਤ ਬਾਰੇ ਚਿੰਤਾ ਜਤਾ ਰਹੇ ਸਨ ਪਰ ਲੋਕ ਅੱਜ ਇਸ ਦੀਆਂ ਮਿਸਾਲਾਂ ਦੇ ਰਹੇ ਹਨ। ਪਹਿਲਾਂ ਕਿਹਾ ਜਾ ਰਿਹਾ ਸੀ ਕਿ ਇੰਨੀ ਵੱਡੀ ਆਬਾਦੀ ਲਈ ਭਾਰਤ ਵੈਕਸੀਨ ਕਿੱਥੋਂ ਲਵੇਗਾ, ਲੋਕਾਂ ਦੀ ਜ਼ਿੰਦਗੀ ਕਿਵੇਂ ਬਚੇਗੀ? ਪਰ ਅੱਜਉਹ ਹੀ ਭਾਰਤ ਵੈਕਸੀਨ ਦਾ ਸਭ ਤੋਂ ਵੱਡਾ ਨਿਰਮਾਤਾ ਬਣ ਗਿਆ ਹੈ।' ਭਾਰਤੀ ਪ੍ਰਵਾਸੀਆਂ ਦੀ ਸ਼ਲਾਘਾ ਕਰਦਿਆਂ ਨਰਿੰਧਰ ਮੋਦੀ ਨੇ ਕਿਹਾ ਕਿ ਉਹ ਉਨ੍ਹਾਂ ਨੂੰ ਹਮੇਸ਼ਾ ਰਾਸ਼ਟਰ ਦੂਤ ਸਮਝਦੇ ਰਹੇ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੁਤਾਬਕ ਭਾਰਤ ਦੇ ਲੋਕ ਬਿਨਾਂ ਵਸੀਲਿਆਂ ਦੇ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਗਏ ਤੇ ਆਪਣੀ ਮਿਹਨਤ ਨਾਲ ਸਫ਼ਲਤਾ ਹਾਸਲ ਕੀਤੀ। ਉਨ੍ਹਾ ਕਿਹਾ ਕਿ ਉਹ ਅਕਸਰ ਗੁਰਦੁਆਰੇ ਜਾਂਦੇ ਰਹਿੰਦੇ ਹਨ ਅਤੇ ਉਥੇ ਸੇਵਾ ਕਰਨ ਤੇ ਲੰਗਰ ਛੱਕਣ ਤੋਂ ਇਲਾਵਾ ਉਹ ਸਿੱਖ ਪਰਵਾਰਾਂ ਵਿੱਚ ਵੀ ਵਿਚਰਦੇ ਹਨ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

## ਅੱਜ ਨਾਮਾ

ਕਰੀਏ ਕੀਹਦਾ ਯਕੀਨ ਤੇ ਨਹੀਂ ਕੀਹਦਾ,
ਸਭ ਦੇ ਆਉਂਦੇ ਆ ਵੱਖ ਬਿਆਨ ਬੇਲੀ।
ਆਖਿਆ ਮੋਦੀ, ਕੋਰੋਨਾ ਫਿਰ ਚੜ੍ਹੀ ਆਵੇ,
ਚੌਥੀ ਲਹਿਰ ਲਈ ਦਿੱਸਣ ਨਿਸ਼ਾਨ ਬੇਲੀ।
ਉਸ ਨੇ ਕਿਹਾ ਹੈ ਮੁਲਕ ਦੇ ਵਾਸੀਆਂ ਨੂੰ,
ਛੱਡ ਦਿਓ ਢਿੱਲਾਂ ਤੇ ਰੱਖੋ ਧਿਆਨ ਬੇਲੀ।
ਪਿੱਛੋਂ ਬੋਲਿਆ ਡਾਕਟਰ ਆ ਬਹੁਤ ਵੱਡਾ,
ਜਿਸ ਨੂੰ ਕਹਿੰਦੇ ਆ ਬੜਾ ਗਿਆਨ ਬੇਲੀ।
ਕਹਿੰਦਾ ਅਜੇ ਤੱਕ ਗੱਲ ਨਾ ਫਿਕਰ ਵਾਲੀ,
ਨਹੀਂ ਕੋਰੋਨਾ ਦੀ ਉੱਠੀ ਕੋਈ ਛੱਲ ਬੇਲੀ।
ਜਦ ਤੱਕ ਨਵਾਂ ਸੰਕੇਤ ਨਾ ਕੋਈ ਮਿਲਦਾ,
ਚਿੰਤਾ ਵਾਲੀ ਨਹੀਂ ਅਜੇ ਕੁਝ ਗੱਲ ਬੇਲੀ।

**ਤੀਸ ਮਾਰ ਖਾਂ**

# ਵਿਧਾਇਕਾਂ ਦਾ ਇਨਕਮ ਟੈਕਸ ਪੰਜਾਬ ਸਰਕਾਰ ਨਹੀਂ ਭਰੇਗੀ

### * ਮਾਨ ਸਰਕਾਰ ਦਾ ਫੈਸਲਾ, ਵਿਧਾਇਕ ਆਪਣਾ ਟੈਕਸ ਖੁਦ ਦੇਣਗੇ

ਚੰਡੀਗੜ੍ਹ, 1 ਮਈ, (ਪੋਸਟ ਬਿਊਰੋ)- ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਇੱਕ ਹੋਰ ਸਖਤ ਕਦਮ ਪੁੱਟਿਆ ਤੇ ਸਾਫ ਕਰ ਦਿੱਤਾ ਹੈ ਕਿ ਰਾਜ ਦੇ 117 ਵਿਧਾਇਕਾਂ ਨੂੰ ਆਪਣਾ ਆਮਦਨ ਟੈਕਸ ਜੇਬ ਵਿੱਚੋਂ ਭਰਨਾ ਪਵੇਗਾ। ਇਸ ਦਾ ਐਲਾਨ ਮੰਤਰੀ ਮੰਡਲ ਦੀ ਸੋਮਵਾਰ ਹੋਣ ਵਾਲੀ ਮੀਟਿੰਗ ਦੇ ਬਾਅਦ ਕੀਤਾ ਜਾਵੇਗਾ।

ਵਰਨਣ ਯੋਗ ਹੈ ਕਿ ਪੰਜਾਬਦੀ ਪਿਛਲੀ ਕਾਂਗਰਸ ਸਰਕਾਰ ਦੌਰਾਨ ਵਿਧਾਇਕਾਂ ਦਾ ਟੈਕਸ ਸਰਕਾਰ ਭਰਦੀ ਸੀ।ਆਮ ਆਦਮੀ ਪਾਰਟੀ ਦੀ ਸਰਕਾਰਇਸ ਤੋਂ ਪਹਿਲਾਂ'ਇੱਕ ਵਿਧਾਇਕ-ਇੱਕ ਪੈਨਸ਼ਨ'ਬਾਰੇ ਐਲਾਨ ਕਰ ਚੁੱਕੀ ਹੈ। ਕਾਂਗਰਸ ਸਰਕਾਰ ਵੇਲੇ 117 ਵਿੱਚੋਂ 93 ਵਿਧਾਇਕਾਂ ਦਾ ਆਮਦਨ ਟੈਕਸ ਸਰਕਾਰ ਭਰਦੀ ਸੀ ਤੇ 4 ਸਾਲਾਂ ਵਿੱਚਉਨ੍ਹਾਂ ਦੇ ਹਿੱਸੇ ਦਾ ਪੌਣੇ ਤਿੰਨ ਕਰੋੜ ਰੁਪਏ ਆਮਦਨ ਟੈਕਸ ਭਰਿਆ ਸੀ। ਖਾਸ ਗੱਲ ਇਹ ਸੀ ਕਿ ਇਸ ਵਿੱ-ਚਆਮ ਆਦਮੀ ਪਾਰਟੀ ਦੇ ਵਿਧਾਇਕ ਵੀ ਸਨ। ਜਿਨ੍ਹਾਂ ਵਿਧਾਇਕਾਂ ਦਾ ਆਮਦਨ ਟੈਕਸ ਸਰਕਾਰੀ ਖ਼ਜ਼ਾਨੇਤੋਂ ਦਿੱਤਾ ਗਿਆ, ਉਨ੍ਹਾਂ ਵਿੱਚ 5 ਵਾਰ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਪੰਜਾਬ ਕਾਂਗਰਸ ਦੇ ਮੌਜੂਦਾ ਪ੍ਰਧਾਨ ਅਮਰਿੰਦਰ ਸਿੰਘਰਾਜਾ ਵੜਿੰਗ ਦੇ ਨਾਂ ਵੀ ਹਨ। ਪਿਛਲੀ ਵਿਧਾਨ ਸਭਾ ਵਿੱਚ ਆਮ ਆਦਮੀ ਪਾਰਟੀ ਦੇ ਮੈਂਬਰਾਂ ਵਿੱਚੋਂ 15 ਦਾ ਨਾਂਅ ਵੀ ਇਹ ਲਾਭ ਲੈਣ ਵਾਲਿਆਂ ਵਿੱਚ ਹੈ, ਜਿਨ੍ਹਾਂ ਵਿੱਚ ਅਮਨ ਅਰੋੜਾ, ਕੁਲਵੰਤ ਸਿੰਘ ਪੰਡੋਰੀ, ਪ੍ਰੋ. ਬਲਜਿੰਦਰ ਕੌਰ, ਬੁੱਧਰਾਮ, ਕੁਲਤਾਰ ਸਿੰਘ ਸੰਧਵਾਂ, ਗੁਰਮੀਤ ਸਿੰਘ ਮੀਤ ਹੇਅਰ, ਸਰਬਜੀਤ ਕੌਰ ਮਾਣੂੰਕੇ ਤੇ ਜੈਕਿਸ਼ਨ ਸਿੰਘ ਦੂਸਰੀ ਵਾਰ ਵਿਧਾਇਕ ਬਣੇ ਹਨ। ਪਿਛਲੀ ਸਰਕਾਰਦੇਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਕੁਝ ਆਗੂ ਆਪਣਾ ਇਨਕਮ ਟੈਕਸ ਖੁਦ ਭਰਦੇ ਸਨ, ਜਿਨ੍ਹਾਂ ਵਿੱਚ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਓਦੋਂ ਦੇ ਨੇਤਾ ਅਤੇ ਅਜੋਕੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਓਦੋਂ ਦੇ ਮੰਤਰੀ ਮਨਪ੍ਰੀਤ ਸਿੰਘ ਬਾਦਲ, ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ, ਸੁਖਬਿੰਦਰ ਸਿੰਘ ਸੁੱਖ ਸਰਕਾਰੀਆ, ਬਲਬੀਰ ਸਿੰਘ ਸਿੱਧੂ, ਬ੍ਰਹਮ ਮਹਿੰ-ਦਰਾ, ਗੁਰਪ੍ਰੀਤ ਕਾਂਗੜ, ਭਾਰਤ ਭੂਸ਼ਣ ਆਸ਼ੂ ਅਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਬਲਵਿੰ-ਦਰ ਸਿੰਘ ਬੈਂਸ, ਕੁਲਜੀਤ ਸਿੰਘ ਨਾਗਰਾ ਸਮੇਤ 24 ਵਿਧਾਇਕ ਸ਼ਾਮਲ ਸਨ।



# ਮਾਈਸਰਖਾਨਾ ਮੰਦਿਰ ਦੀ ਪ੍ਰਧਾਨਗੀ ਤੋਂ ਵੱਡਾ ਵਿਵਾਦ ਭਖਿਆ

ਬਠਿੰਡਾ, 1 ਮਈ, (ਪੋਸਟ ਬਿਊਰੋ)- ਇਸ ਜ਼ਿਲੇ ਦੇ ਮੌੜ ਮੰਡੀ ਖੇਤਰ ਦੇ ਪਿੰਡ ਮਾਈਸਰਖਾਨਾ ਦੇ ਸਵਰਨਕਾਰ ਮੰਦਰ ਕਮੇਟੀ ਦੀ ਪ੍ਰਧਾਨਗੀ ਬਾਰੇ ਵਿਵਾਦ ਕਾਰਨ ਐਤਵਾਰ ਨੂੰ ਮਾਹੌਲ ਤਣਾਅ ਨਾਲ ਭਰ ਗਿਆ, ਜਦੋਂ ਮੰਦਰ ਦੀ ਪ੍ਰਧਾਨਗੀ ਦੇ ਵਿਵਾਦ ਨੂੰ ਸੁਲਝਾਉਣ ਲਈ ਸੱਦੀ ਮੰਦਰ ਕਮੇਟੀ ਦੇ ਮੈਂਬਰਾਂ ਦੀ ਮੀਟਿੰਗ ਮੰਦਰ ਵਿੱਚ ਨਹੀਂ ਹੋ ਸਕੀ। ਸੁਰੱਖਿਆ ਲਈ ਪ੍ਰਸ਼ਾਸਨ ਨੇ ਪਿੰਡ ਮਾਈਸਰਖਾਨਾ ਵਿੱਚ ਵੱਡੀ ਗਿਣਤੀ ਵਿੱਚ ਫੋਰਸ ਤਾਇਨਾਤ ਕਰ ਦਿੱਤੀ ਹੈ।

ਸਵਰਨਕਾਰ ਮੰਦਿਰ ਮਾਈਸਰਖਾਨਾ ਦੇ ਪ੍ਰਧਾਨ ਮਨੋਹਰ ਸਿੰਘ ਪ੍ਰਧਾਨ ਲੰਮੇ ਸਮੇਂ ਤੋਂ ਪ੍ਰਧਾਨਗੀ ਬਣੇ ਆਏ ਹਨ। ਇਸ ਵਾਰ 7 ਅਪਰੈਲ ਨੂੰ ਸਰਬਸੰਮਤੀ ਨਾਲ ਉਨ੍ਹਾਂ ਨੂੰ ਪੰਜ ਸਾਲ ਲਈ ਪ੍ਰਧਾਨ ਬਣਾਏਜਾਣ ਪਿੱਛੋਂ ਮੰਦਿਰ ਕਮੇਟੀ ਦੇ ਕੁਝ ਮੈਂਬਰਾਂ ਨੇ ਇਤਰਾਜ਼ ਕੀਤਾ ਅਤੇ ਦੂਸਰੀ ਧਿਰ ਨੇ ਗੁਰਮੀਤ ਸਿੰਘ ਨੂੰ ਸਵਰਨਕਾਰ ਮੰਦਰ ਦਾ ਮੁਖੀ ਨਿਯੁਕਤ ਕਰ ਦਿੱਤਾ। ਇਸ ਨਾਲ ਮੰਦਰ ਕਮੇਟੀ ਦੀ ਪ੍ਰਧਾਨਗੀ ਦਾ ਵਿਵਾਦ ਖੜਾ ਹੋ ਗਿਆ, ਜਿਸ ਨੂੰ ਮੁਕਾਉਣ ਲਈ ਐਤਵਾਰ ਮੰਦਰ ਕਮੇਟੀ ਦੇ ਸਾਰੇ ਮੈਂਬਰਾਂ ਦੀ ਮੀਟਿੰਗ ਸੱਦੀ ਸੀ। ਇਸ ਮੀਟਿੰਗ ਲਈ ਪੁਲਿਸ ਪ੍ਰਸ਼ਾਸਨ ਨੇ ਮੰਦਰ ਅੱਗੇ ਅਤੇ ਪਿੰਡ ਵਿੱਚ ਭਾਰੀ ਫੋਰਸ ਤਾਇਨਾਤ ਕੀਤੀ ਹੋਈ ਸੀ। ਮੰਦਰ ਕਮੇਟੀ ਨੇ ਸੁਰੱਖਿਆ ਲਈ ਮੰਦਰ ਦੇ ਦਰਵਾਜ਼ੇ ਬੰਦ ਰੱਖੇ ਅਤੇ ਮੰਦਰ ਵਿੱਚ ਮੀਟਿੰਗ ਨਹੀਂ ਹੋਈ। ਫਿਰ ਸਵਰਨਕਾਰ ਮੰਦਰ ਕਮੇਟੀ ਦੀ ਮੀਟਿੰਗ ਰਾਇਲ ਮੈਰਿਜ ਪੈਲੇਸ ਬਠਿੰਡਾ ਵਿੱਚ ਹੋਈ, ਜਿੱਥੇ ਕਮੇਟੀ ਦੇ ਮੁਖੀ ਮਨੋਹਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸਰਬਸੰਮਤੀ ਨਾਲ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ, ਪਰ ਕੁਝ ਲੋਕ ਇਸ ਉੱਤੇ ਇਤਰਾਜ਼ ਕਰਕੇ ਆਪਣੇ ਆਪ ਨੂੰ ਪ੍ਰਧਾਨ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਕਿਹਾ ਕਿ ਉਹ ਲੰਮੇ ਸਮੇਂ ਤੋਂ ਮੰਦਰ ਕਮੇਟੀ ਦੇ ਪ੍ਰਧਾਨ ਵਜੋਂ ਸੇਵਾ ਨਿਭਾ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਮੰਦਰ ਕਮੇਟੀ ਦੇ ਮੈਂਬਰ ਕਰਤਾਰ ਸਿੰਘ ਜੋੜੇ ਵੱਲੋਂ ਆਪਣੇ ਨਾਲ ਕੁਝ ਮੈਂਬਰ ਜੋੜ ਕੇ ਮੁਖੀ ਬਣਨ ਉੱਤੇ ਜ਼ੋਰ ਦਿੱਤਾ ਜਾਂਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਐਤਵਾਰ ਨੂੰ ਉਨ੍ਹਾਂ ਕਮੇਟੀ ਦੀ ਮੀਟਿੰਗ ਲਈ ਬਠਿੰਡਾ ਵਿਚ ਪੈਲੇਸ ਬੁੱਕ ਕਰਾਉਣਾ ਸੀ ਤਾਂ ਸਿਆਸੀ ਤਾਕਤ ਵਰਤ ਕੇ ਬੁਕਿੰਗ ਨਹੀਂ ਹੋਣ ਦਿੱਤੀ, ਫਿਰ ਉਨ੍ਹਾਂ ਨੇ ਇਕ ਹੋਰ ਪੈਲੇਸ ਵਿਚ ਮੀਟਿੰਗ ਕੀਤੀ ਹੈ।

ਦੂਸਰੇ ਪਾਸੇ ਮੰਦਰ ਕਮੇਟੀ ਦੇ ਸਰਪ੍ਰਸਤ ਕਰਤਾਰ ਸਿੰਘ ਜੌੜਾ ਦਾ ਕਹਿਣਾ ਹੈ ਕਿ ਮਨੋਹਰ ਸਿੰਘ 20 ਸਾਲਾਂ ਤੋਂ ਮੰਦਰ ਕਮੇਟੀ ਦੇ ਪ੍ਰਧਾਨ ਹਨ, ਪਰ ਕਦੇ ਹਿਸਾਬ ਨਹੀਂ ਦੇਂਦੇ। ਕਮੇਟੀ ਨੇ ਮਨੋਹਰ ਸਿੰਘ ਤੋਂ ਕਈ ਵਾਰ ਹਿਸਾਬ ਮੰਗਿਆ ਹੈ। ਇਸ ਤੋਂ ਪਹਿਲਾਂ ਪ੍ਰਧਾਨ ਦੀ ਨਿਯੁਕਤੀ ਦੋ ਸਾਲ ਲਈ ਹੁੰਦੀ ਸੀ, ਇਸ ਵਾਰ ਉਸ ਨੇ ਖ਼ੁਦ ਨੂੰ ਪੰਜ ਸਾਲ ਲਈ ਪ੍ਰਧਾਨ ਬਣਾ ਲਿਆ, ਪਰ ਇਸ ਬਾਰੇ ਨਾ ਕਮੇਟੀ ਵੱਲੋਂ ਮੀਟਿੰਗ ਵਿੱਚ ਏਜੰਡਾ ਰੱਖਿਆ ਅਤੇ ਨਾ ਚੋਣ ਕਰਵਾਈ ਹੈ, ਜਿਸ ਕਾਰਨ ਮੈਂਬਰ ਵਿਰੋਧ ਕਰਦੇ ਹਨ। ਐਤਵਾਰ ਨੂੰ ਮੰਦਰ ਵਿੱਚ ਮੀਟਿੰਗ ਸੱਦੀ ਸੀ, ਪਰ ਉਹ ਮੀਟਿੰਗ ਲਈ ਨਹੀਂ ਆਏ।

ਥਾਣਾ ਕੋਟਫੱਤਾ ਦੇ ਐਸਐਚਓ ਇੰਸਪੈਕਟਰ ਸੰਦੀਪ ਭਾਟੀ ਨੇ ਦੱਸਿਆ ਕਿ ਮੰਦਰ ਕਮੇਟੀ ਦੀ ਪ੍ਰਧਾਨਗੀ ਬਾਰੇ ਮੀਟਿੰਗ ਹੋਣੀ ਸੀ, ਪਰ ਬਾਅਦ ਵਿਚ ਇਹ ਮੀਟਿੰਗ ਬਠਿੰਡਾ ਦੇ ਰਾਇਲ ਪੈਲੇਸ ਵਿਚ ਹੋਈ।ਇਸ ਦੌਰਾਨ ਮੰਦਿਰ ਅਤੇ ਪਿੰਡ ਮਾਈਸਰਖਾਨਾ ਵਿਚ ਪੁਲਿਸ ਸੁਰੱਖਿਆ ਬਲ ਤਾਇਨਾਤ ਕੀਤੇ ਸਨ ਤਾਂ ਜੋ ਕੋਈ ਝਗੜਾ ਨਾ ਹੋਵੇ।



## ਪਟਿਆਲਾ ਘਟਨਾ ਨੂੰ ਭਗਵੰਤ ਮਾਨ ਨੇ ਅਕਾਲੀਆਂ ਤੇ ਭਾਜਪਾ ਵਿਚਾਲੇ ਰੱਫੜ ਦਾ ਮੁੱਦਾ ਦੱਸਿਆ

ਚੰਡੀਗੜ੍ਹ, 1 ਮਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਇਸ ਰਾਜ ਵਿਚਲੀ ਵਿਰੋਧੀ ਧਿਰ ਹੀ ਰਾਜ ਦਾ ਮਾਹੌਲ ਖ਼ਰਾਬ ਕਰਨ ਵਿੱਚ ਲੱਗੀ ਹੋਈ ਹੈ, ਕਿਉਂਕਿ ਉਸ ਨੂੰ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਲੋਕਪ੍ਰਿਅਤਾ ਬਰਦਾਸ਼ਤ ਨਹੀਂ ਹੋ ਰਹੀ। ਇੱਕ ਦਿਨ ਪਹਿਲਾਂ ਪਟਿਆਲੇਸ਼ਹਿਰ ਵਿੱਚ ਵਾਪਰੀਆਂ ਹਿੰਸਕ ਝੜਪਾਂਬਾਰੇਮੁੱਖ ਮੰਤਰੀ ਭਗਵੰਤ ਮਾਨ ਨੇ ਅੱਜਏਥੇ ਕਿਹਾ ਕਿ ਇਹ ਹਿੰਸਾ ਦੋ ਭਾਈਚਾਰਿਆਂ ਵਿਚਾਲੇ ਨਹੀਂ, ਦੋ ਪਾਰਟੀਆਂ ਦੇ ਵਿਚਾਲੇ ਸੀ। ਉਨ੍ਹਾਂ ਕਿਹਾ ਕਿ ਇਸ ਵਿੱਚ ਸ਼ਾਮਲ ਇੱਕ ਨੇਤਾ ਦਾ ਭਾਜਪਾ ਨਾਲ ਸੰਬੰਧ ਹੈ, ਦੂਸਰਾ ਅਕਾਲੀ ਦਲ ਨਾਲ ਸੰਬੰਧਤਅਤੇ ਇੱਕ ਹੋਰ ਵਰਕਰ ਅਕਾਲੀ ਦਲ (ਅੰਮ੍ਰਿਤਸਰ) ਨਾਲ ਸੰਬੰਧਤ ਹੈ। ਜਦੋਂਪੁੱਛਿਆ ਕਿ ਕੀ ਇਸ ਪਿੱਛੇ ਕੋਈ ਸਾਜ਼ਿਸ਼ ਹੋ ਸਕਦੀ ਹੈ ਤਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਾਜ਼ਿਸ਼ ਦਾ ਪਤਾ ਲਾਉਣ ਲਈ ਉਨ੍ਹਾਂ ਨੇ ਡੂੰਘਾਈ ਨਾਲ ਜਾਂਚ ਕਰਨ ਦੇ ਹੁਕਮ ਕਰਦਿੱਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਪਸੀ ਭਾਈਚਾਰੇ ਨੂੰ ਖ਼ਤਰਾ ਨਹੀਂ, ਹਿੰਦੂ-ਸਿੱਖ ਏਕਤਾ ਪਹਿਲਾਂ ਨਾਲੋਂ ਕਿਤੇ ਵੱਧ ਮਜ਼ਬੂਤ ਹੈ। ਉਨ੍ਹਾਂ ਕਿਹਾ ਕਿ ਜੋ ਭੜਕਾਊ ਕੰਮ ਕਰੇਗਾ, ਕਿਸੇ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਭਗਵੰਤ ਮਾਨ ਨੇ ਕਿਹਾ ਕਿ ਅਸਲ ਵਿੱਚ ਵਿਰੋਧੀ ਧਿਰ ਇਸ ਸਮੇਂ ਬੌਖਲਾਈ ਹੋਈ ਹੈ, ਕਿਉਂਕਿ ਇੱਕ ਉਸ ਨੂੰ ਆਮ ਆਦਮੀ ਪਾਰਟੀ ਦੀ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਸਹਿਣ ਨਹੀਂ ਹੁੰਦੀ ਤੇ ਦੂਸਰਾ ਸਾਡੀ ਸਰਕਾਰ ਦੇ ਕ੍ਰਾਂਤੀਕਾਰੀ ਕਦਮ ਤੇ ਪੰਜਾਬ ਨੂੰ ਤਰੱਕੀ ਵੱਲ ਲੈ ਜਾਣਾ ਉਸ ਨੂੰ ਸਹਿਣ ਨਹੀਂ ਹੁੰਦਾ।ਮੁੱਖ ਮੰਤਰੀ ਨੇ ਕਿਹਾ ਕਿ ਭ੍ਰਿਸ਼ਟਾਚਾਰ ਬਾਰੇ ਕੋਈ ਵਿਰੋਧੀ ਧਿਰ ਸਾਡੀ ਸਰਕਾਰ ਉੱਤੇ ਉਂਗਲ ਨਹੀਂ ਉਠਾ ਸਕੀ, ਕਿਉਂਕਿ ਭ੍ਰਿਸ਼ਟਾਚਾਰ ਵਿੱਚਉਹ ਖੁਦ ਸ਼ਾਮਲ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਡੇਢ ਮਹੀਨੇ ਵਿੱਚ ਜੋ ਫੈਸਲੇ ਲਏ, ਉਸ ਬਾਰੇ ਕੋਈ ਉਂਗਲ ਨਹੀਂ ਚੁੱਕ ਸਕਦਾ, ਕਿਉਂਕਿ ਸਾਰੇ ਫ਼ੈਸਲੇ ਜਨਤਾ ਵਾਸਤੇ ਹਨ। ਭਗਵੰਤ ਮਾਨ ਨੇ ਕਿਹਾ ਕਿ ਕਾਨੂੰਨ-ਵਿਵਸਥਾ ਕਾਬੂ ਵਿੱਚ ਰੱਖਣ ਦੇ ਹੁਕਮਪੰਜਾਬ ਪੁਲਸ ਦੇ ਮੁਖੀ ਨੂੰ ਦਿੱਤੇ ਜਾ ਚੁੱਕੇ ਹਨ ਅਤੇ ਸਰਕਾਰ ਇੱਕ-ਇੱਕ ਕਰ ਕੇ ਲੋਕਾਂ ਦੇ ਹਿਤ ਦੇ ਫੈਸਲੇ ਲੈ ਰਹੀ ਹੈ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਵਾਲ ਕਿਹਾ ਕਿ ਭਾਜਪਾ ਤੇ ਅਕਾਲੀ ਦਲ ਦਾ ਇਸ ਕਾਂਡ ਵਿੱਚਹੱਥ ਜ਼ਾਹਰ ਹੋਚੁੱਕਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਦਾ ਉਸੇ ਦਿਨ ਪਟਿਆਲਾ ਵਿੱਚ ਮੱਥਾ ਟੇਕਣ ਜਾਣਾ ਕਈ ਸਵਾਲ ਖੜੇ ਕਰਦਾ ਹੈ। ਉਨ੍ਹਾਂ ਕਿਹਾ ਕਿ ਕਾਨੂੰਨ-ਵਿਵਸਥਾ ਨਾਲ ਖਿਲਵਾੜ ਕਰਨ ਵਾਲਾ ਨੇਤਾ ਭਾਵੇਂ ਕਿੰਨੇ ਵੀ ਉੱਚੇ ਅਹੁਦੇ ਉੱਤੇ ਕਿਉਂ ਨਾ ਹੋਵੇ, ਉਸ ਨੂੰ ਸਹਿਣ ਨਹੀਂ ਕੀਤਾ ਜਾਵੇਗਾ।

# ਹਮਜ਼ਾ ਸ਼ਰੀਫ ਨੇ ਪਾਕਿ ਪੰਜਾਬ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ

### * ਗਵਰਨਰ ਦੀ ਥਾਂ ਕੌਮੀ ਅਸੈਂਬਲੀ ਦੇ ਸਪੀਕਰ ਨੇ ਸਹੁੰ ਚੁਕਾਈ



ਲਾਹੌਰ, 1 ਮਈ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੇ ਪੁੱਤਰ ਹਮਜ਼ਾ ਸ਼ਰੀਫ ਨੇ ਦੇਸ਼ਦੇ ਸਭ ਤੋਂ ਵੱਧ ਆਬਾਦੀ ਵਾਲੇ ਰਾਜ ਪੰਜਾਬ ਦੇ ਮੁੱਖ ਮੰਤਰੀ ਵਜੋਂ ਅੱਜ ਸ਼ਨੀਵਾਰ ਸਹੁੰ ਚੁੱਕ ਲਈ।ਇਸ ਰਾਜ ਦੀ ਆਬਾਦੀ ਲਗਭਗ 11 ਕਰੋੜ ਹੈ।ਹਮਜਾ ਸ਼ਰੀਫ (47 ਸਾਲ) ਨੂੰ ਨੈਸ਼ਨਲ ਅਸੈਂਬਲੀ ਦੇ ਪ੍ਰਧਾਨ ਰਾਜਾ ਪਰਵੇਜ਼ ਅਸ਼ਰਫ ਨੇ ਇਥੇ ਰਾਜਭਵਨ ਵਿੱਚ ਸਹੁੰ ਚੁਕਾਈ। ਇਸ ਤੋਂ ਪਹਿਲਾਂ ਗਵਰਨਰ ਉਮਰ ਸਰਫਰਾਜ਼ ਚੀਮਾ ਨੇ ਸਾਬਕਾ ਮੁੱਖ ਮੰਤਰੀ ਉਸਮਾਨ ਬੁਜਦਾਰ ਦਾ ਅਸਤੀਫ਼ਾ ਰੱਦ ਕਰ ਕੇ ਉਨ੍ਹਾਂ ਦੀ ਸਰਕਾਰ ਬਹਾਲ ਕਰ ਦਿੱਤੀ ਸੀ।

ਇਮਰਾਨ ਖਾਨ ਨਾਲ ਨਜ਼ਦੀਕੀਆਂ ਵਾਲੇ ਗਵਰਨਰ ਸਰਫਰਾਜ਼ ਚੀਮਾ ਨੇ ਹਮਜ਼ਾ ਸ਼ਰੀਫ ਦੀ ਚੋਣ ਨੂੰ ਸੰਵਿਧਾਨਕ ਤੌਰ ਉੱਤੇ ਨਾਜਾਇਜ਼ ਕਰਾਰ ਦਿੱਤਾ ਸੀ। ਅੱਜ ਦੇ ਸਹੁੰ ਚੁੱਕ ਸਮਾਗਮ ਪਿੱਛੋਂਗਵਰਨਰ ਚੀਮਾ ਨੇ ਹਮਜ਼ਾ ਸ਼ਰੀਫ ਦੇ ਸਹੁੰ ਚੁੱਕ ਸਮਾਗਮ ਲਈ ਰਾਜਭਵਨ ਦੇ ਸੁਰੱਖਿਆ ਸਟਾਫ ਨੂੰ ਹਟਾ ਕੇ ਸੁਰੱਖਿਆ ਆਪਣੇ ਕੰਟਰੋਲ ਵਿੱਚ ਲੈਣ ਬਾਰੇ ਪੰਜਾਬ ਪੁਲਸ ਦੀ ਆਲੋਚਨਾ ਕੀਤੀ ਸੀ। ਸਹੁੰ ਚੁੱਕ ਸਮਾਗਮ ਚੱਲਦੇ ਦੌਰਾਨ ਗਵਰਨਰ ਚੀਮਾ ਨੇ ਪਾਕਿਸਤਾਨ ਦੇ ਚੀਫ਼ ਜਸਟਿਸ ਨੂੰ ਬੇਨਤੀ ਕੀਤੀ ਕਿ ਉਹ ਪੁਲਸ ਵੱਲੋਂ ਰਾਜਭਵਨ ਨੂੰ ਆਪਣੇ ਕੰਟਰੋਲ ਵਿੱਚ ਲੈਣ ਦਾ ਨੋਟਿਸ ਲੈਣ। ਉਨ੍ਹਾਂ ਨੇ ਕਿਹਾ ਕਿ ਉਹ ਇਸ ਮੁੱਦੇ ਉੱਤੇ ਰਾਸ਼ਟਰਪਤੀ ਆਰਿਫ਼ ਅਲਵੀ ਨੂੰ ਵੀ ਪੱਤਰ ਲਿਖਣਗੇ।

ਵਰਨਣ ਯੋਗ ਹੈ ਕਿ ਪੰਜਾਬ ਅਸੈਂਬਲੀ ਵਿੱਚ 16 ਅਪਰੈਲ ਨੂੰ 197 ਵੋਟਾਂ ਦੀ ਬਹੁ-ਗਿਣਤੀ ਸਦਕਾਪੰਜਾਬ ਦੇ ਨਵੇਂਚੁਣੇਮੁੱਖ ਮੰਤਰੀ ਹਮਜ਼ਾ ਸ਼ਰੀਫ ਇੱਕ ਦਿਨ ਬਾਅਦ ਸਹੁੰ ਚੁੱਕਣ ਵਾਲੇ ਸਨ, ਪਰ ਗਵਰਨਰ ਸਰਫਰਾਜ਼ ਚੀਮ ਨੇ ਸਹੁੰ-ਚੁੱਕ ਸਮਾਗਮ ਰੱਦ ਕਰ ਦਿੱਤਾ ਸੀ। ਸਹੁੰ ਚੁੱਕਣ ਬਾਰੇ ਹਮਜ਼ਾ ਨੇ 21 ਅਪਰੈਲ ਨੂੰ ਲਾਹੌਰ ਹਾਈ ਕੋਰਟਨੂੰ ਅਪੀਲ ਕੀਤੀ ਤਾਂ ਚੀਫ ਜਸਟਿਸ ਮੁਹੰਮਦ ਅਮੀਰ ਭਾਟੀ ਨੇ ਰਾਸ਼ਟਰਪਤੀ ਨੂੰ ਸੰਵਿਧਾਨ ਦੀ ਧਾਰਾ 104 ਹੇਠ ਕਿਸੇ ਵਿਅਕਤੀ ਨੂੰ ਸਹੁੰ ਚੁੱਕਣ ਲਈ ਨਾਮਜ਼ਦ ਕਰਨ ਨੂੰ ਕਿਹਾ, ਪਰ ਰਾਸ਼ਟਰਪਤੀ ਨੇ ਹਾਈ ਕੋਰਟ ਦਾ ਆਦੇਸ਼ ਨਹੀਂ ਮੰਨਿਆ। ਇਸ ਪਿੱਛੋਂਰਾਸ਼ਟਰਪਤੀ ਤੇ ਚੀਫ ਜਸਟਿਸ ਨੇ ਬੁੱਧਵਾਰ ਨੂੰ ਪੰਜਾਬ ਦੇ ਗਵਰਨਰ ਨੂੰ ਖ਼ੁਦ ਜਾਂ ਆਪਣੇ ਕਿਸੇ ਨਾਮਜ਼ਦ ਵਿਅਕਤੀ ਨੂੰ ਸਹੁੰ ਚੁਕਾਉਣ ਲਈ ਨਾਮਜ਼ਦ ਕਰਨ ਦਾ ਸੁਝਾਅ ਦਿੱਤਾ, ਪਰ ਇਹ ਆਦੇਸ਼ ਵੀ ਮੰਨਿਆ ਨਹੀਂ ਗਿਆ। ਤੀਸਰੀ ਅਰਜ਼ੀ ਵਿੱਚ ਹਮਜ਼ਾ ਨੇ ਅਦਾਲਤ ਦੇ ਪਿਛਲੇ ਦੋ ਹੁਕਮ ਲਾਗੂ ਪਾਲਣ ਕਰਾਉਣ ਨੂੰ ਕਿਹਾ ਤਾਂਮੁੱਖ ਜੱਜ ਨੇ ਨੈਸ਼ਨਲ ਅਸੈਂਬਲੀ ਦੇ ਸਪੀਕਰ ਅਸ਼ਰਫ ਪਰਵੇਜ਼ ਨੂੰ ਸ਼ਨਿਚਰਵਾਰ 11.30 ਵਜੇ ਦਿਨ ਵੇਲੇ ਸਹੁੰ ਚੁਕਾਉਣ ਦਾ ਨਿਰਦੇਸ਼ ਦਿੱਤਾ ਸੀ।

# ਸਿਮਰਨਜੀਤ ਮਾਨ ਨੇ ਕਿਹਾ: ਪਟਿਆਲਾ ਹਿੰਸਾ ਕਾਂਡ ਵਿੱਚ ਸਾਡਾ ਕੋਈ ਹੱਥ ਨਹੀਂ

### * ਸੁਖਬੀਰ ਬਾਦਲ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਦਦ ਦਾ ਭਰੋਸਾ

ਜਲੰਧਰ, 1 ਮਈ ,(ਪੋਸਟ ਬਿਊਰੋ)-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਸਾਫ ਕਹਿੰਦੇ ਹਨ ਕਿ ਬੀਤੇ ਸ਼ੁੱਕਰਵਾਰ ਨੂੰ ਪਟਿਆਲਾ ਵਿੱਚ ਹੋਏ ਹਿੰਸਕ ਕਾਂਡ ਪਿੱਛੇ ਇੰਟੈਲੀਜੈਂਸ ਦੀ ਨਾਕਾਮੀ ਹੈ।ਉਨ੍ਹਾਂ ਨੇ ਕਿਹਾ ਕਿ ਜਦ ਪੁਲਸ ਨੂੰ ਪਤਾ ਸੀ ਕਿ ਖ਼ਾਲਿਸਤਾਨ ਵਿਰੋਧੀ ਪ੍ਰਦਰਸ਼ਨ ਹੋਣ ਵਾਲਾ ਹੈ ਤੇ ਪੁਤਲਾ ਫੂਕਿਆ ਜਾਣਾ ਹੈ ਤਾਂ ਉਸ ਦੇ ਲਈ ਪੁਲਸ ਨੇ ਪੁਖ਼ਤਾ ਪ੍ਰਬੰਧ ਕਿਉਂ ਨਹੀਂ ਸਨ ਕੀਤੇ।

ਅੱਜ ਏਥੇ ਪੰਜਾਬ ਪ੍ਰੈੱਸ ਕਲੱਬ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸ਼ਰਾਰਤੀ ਅਨਸਰ ਇੱਕ ਪਾਸੇ ਟੈਂਟ ਲਾ ਕੇ ਆਪਣਾ ਪ੍ਰਦਰਸ਼ਨ ਕਰ ਰਹੇ ਸਨ ਤਾਂ ਪੁਲਸ ਨੇ ਇਸ ਨੂੰ ਵਕਸ ਸਿਰ ਲੋੜ ਦੇ ਮੁਤਾਬਕ ਕਾਰਵਾਈ ਕਰ ਕੇ ਰੋਕਿਆ ਕਿਉਂ ਨਹੀਂ ਸੀ, ਇਹ ਪੁਲਸ ਤੇ ਪ੍ਰਸ਼ਾਸਨ ਦੀ ਨਾਕਾਮੀ ਸੀ। ਪਟਿਆਲਾ ਵਿੱਚ ਹੋਈ ਹਿੰਸਾ-ਬਾਰੇ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿਇਸ ਵਿੱਚ ਉਨ੍ਹਾਂ ਦੀ ਪਾਰਟੀ ਦਾ ਕੋਈ ਹੱਥ ਨਹੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਲੜਾਈ ਖ਼ਾਲਿਸਤਾਨ ਬਣਾਉਣ ਲਈ ਭਾਰਤ ਸਰਕਾਰ ਦੇ ਖ਼ਿਲਾਫ਼ ਹੈਅਤੇ ਸ਼ਿਵ ਸੈਨਾ ਨਾਲ ਜੋੜ ਕੇ ਇਸ ਦਾ ਪੱਧਰ ਨੀਵਾਂ ਨਾ ਕੀਤਾ ਜਾਵੇ। ਸਿਮਰਨਜੀਤ ਸਿੰਘ ਮਾਨ ਨੇ ਬਰਗਾੜੀ ਦੇ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਫੜਨ ਅਤੇ ਸੁਮੇਧ ਸੈਣੀ ਨੂੰ ਜ਼ਮਾਨਤ ਦੇਣ ਦੇ ਮੁੱਦੇਚੁੱਕ ਕੇ ਸਿੱਖਾਂ ਨਾਲ ਵਿਤਕਰੇ ਦੀਆਂ ਨੀਤੀਆਂ ਦੇ ਵਿਰੋਧ ਦੀ ਗੱਲ ਵੀ ਕਹੀ।

ਅੱਜ ਇਸ ਪ੍ਰੈੱਸ ਕਾਨਫਰੰਸ ਤੋਂ 2 ਘੰਟੇ ਪਹਿਲਾਂ ਪ੍ਰੈੱਸ ਕਲੱਬ ਦੇ ਅੰਦਰ ਅਤੇ ਬਾਹਰ ਤੇ ਇਸ ਪਾਸੇ ਆਉਂਦੀਆਂ ਸਭ ਸੜਕਾਂ ਉੱਤੇ ਪੁਲਿਸ ਫੋਰਸ ਲਾਦਿੱਤੀ ਗਈ ਤੇ ਆਲੇ-ਦੁਆਲੇ 300 ਮੀਟਰ ਇਲਾਕਾ ਨਾਕੇਬੰਦੀ ਕਰ ਕੇ ਛਾਉਣੀ ਵਿੱਚਬਦਲ ਦਿੱਤਾ ਗਿਆ ਅਤੇਰਸਤਿਆਂ ਉੱਤੇ ਬੈਰੀਕੇਡ ਲਾ ਕੇ ਬੰਦ ਕਰ ਦਿੱਤਾ ਗਿਆ। ਪ੍ਰੈੱਸ ਕਲੱਬ ਦਾ ਗੇਟ ਬੰਦ ਰੱਖਿਆ ਗਿਆ ਸੀ ਅਤੇ ਆਉਣ ਵਾਲਿਆਂ ਦੀ ਪਛਾਣ ਹੋਣ ਉੱਤੇ ਹੀ ਉਨ੍ਹਾਂ ਨੂੰ ਦਾਖਲ ਕਰਵਾਇਆ ਜਾ ਰਿਹਾ ਸੀ।

ਦੂਸਰੇ ਪਾਸੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਮਨ ਕਾਨੂੰਨ ਤੇ ਭਾਈਚਾਰਕ ਸਾਂਝ ਦੀ ਦਿਨੋ-ਦਿਨ ਨਿੱਘਰਦੀ ਹਾਲਤ ਉੱਤੇ ਚਿੰਤਾ ਪ੍ਰਗਟ ਕਰਦਿਆਂ ਪਟਿਆਲਾ ਵਿਖੇ ਹੋਈਆਂ ਘਟਨਾਵਾਂ ਨੂੰ ਪ੍ਰਸ਼ਾਸਨਿਕ ਨਾਕਾਮੀ ਤੇ ਗ਼ੈਰ-ਜ਼ਿੰਮੇਵਾਰਾਨਾ ਸਿਆਸਤ ਅਤੇ ਮੌਕਾਪ੍ਰਸਤੀ ਦਾ ਨਤੀਜਾ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕੁਰਬਾਨੀਆਂ ਦੇ ਕੇ ਕਾਇਮ ਕੀਤੇ ਅਮਨ ਤੇ ਭਾਈਚਾਰਕ ਸਾਂਝ ਦੇ ਮਾਹੌਲ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕੁਝ ਹਫ਼ਤਿਆਂ ਦੌਰਾਨ ਗੰਭੀਰ ਖ਼ਤਰੇ ਪੈਦਾ ਕਰ ਦਿੱਤੇ ਹਨ। ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਭਰੋਸਾ ਦਿੱਤਾ ਕਿ ਅਕਾਲੀ ਦਲ ਪੰਜਾਬ ਦੀ ਏਕਤਾ, ਅਮਨ ਅਤੇ ਭਾਈਚਾਰਕ ਸਾਂਝ ਕਾਇਮ ਰੱਖਣ ਲਈ ਸਰਕਾਰ ਜਾਂ ਮੁੱਖ ਮੰਤਰੀ ਵੱਲੋਂ ਕੀਤੀ ਜਾਣ ਵਾਲੀ ਹਰ ਸਾਰਥਕ ਪਹਿਲਕਦਮੀ ਦਾ ਪੂਰਾ ਸਮਰਥਨ ਕਰੇਗਾ।ਉਨ੍ਹਾ ਕਿਹਾ ਕਿ ਸਾਡੇ ਲੱਖ ਮਤਭੇਦ ਹੋਣ, ਪਰ ਪੰਜਾਬ ਵਿੱਚ ਅਮਨ ਤੇ ਭਾਈਚਾਰਕ ਸਾਂਝ ਲਈ ਇਹ ਸਭ ਬਹੁਤ ਛੋਟੇ ਹਨ, ਸਿਆਸਤਾਂ ਬਾਅਦ ਵਿੱਚ ਹੁੰਦੀਆਂ ਰਹਿਣਗੀਆਂ। ਉਨ੍ਹਾਂ ਨੇ ਆਸ ਕੀਤੀ ਕਿ ਘੱਟੋ-ਘੱਟ ਇਸ ਨਾਜ਼ੁਕ ਮੌਕੇ ਅਤੇ ਇਸ ਗੰਭੀਰ ਮਸਲੇ ਉੱਤੇ ਆਮ ਆਦਮੀ ਪਾਰਟੀ ਅਤੇ ਇਸ ਦੀ ਸਰਕਾਰ ਸਾਰੀਆਂ ਧਿਰਾਂ ਤੇ ਪਾਰਟੀਆਂ ਨੂੰ ਨਾਲ ਲੈ ਕੇ ਚੱਲਣ ਵਾਲੀ ਪਹੁੰਚ ਅਪਣਾਵੇਗੀ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9



REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK) Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



REXDALE BODY SHOP
USED CAR SALE
Specialization In:
* All Kinds of Body Work
* Auto Glass Windshield
* Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com




# ਛੁਡਾਈ ਗਈ ਜ਼ਮੀਨ ਬਾਰੇ ਕੈਪਟਨ ਬਿਕਰਮ ਨੇ ਪੰਚਾਇਤ ਵਿਭਾਗ ਨੂੰ ਨੋਟਿਸ ਭੇਜਿਆ

ਐਸ ਏ ਐਸ ਨਗਰ, 1 ਮਈ (ਪੋਸਟ ਬਿਊਰੋ)- ਇਸ ਜ਼ਿਲੇ ਦੇ ਘਾੜ ਇਲਾਕੇ ਦੇ ਪਿੰਡ ਅਭੀਪੁਰ ਵਿੱਚ ਪੰਚਾਇਤ ਵਿਭਾਗ ਵੱਲੋਂ 29 ਏਕੜ ਜ਼ਮੀਨ ਤੋਂ ਮੰਤਰੀ ਦੀ ਅਗਵਾਈ ਹੇਠ ਕਬਜ਼ਾ ਹਟਾਉਣ ਦੇ ਕੇਸ ਵਿੱਚ ਕੈਪਟਨ ਬਿਕਰਮਜੀਤ ਸਿੰਘ ਨੇ ਡਾਇਰੈਕਟਰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੂੰ ਕਾਨੂੰਨੀ ਨੋਟਿਸ ਭੇਜ ਕੇ ਸਾਰੀ ਕਬਜ਼ੇ ਦੀ ਕਾਰਵਾਈ ਨੂੰ ਰੱਦ ਕਰਨ ਲਈ ਕਿਹਾ ਹੈ। ਐਡਵੋਕੇਟ ਵਿਨੀਤ ਜੋਸ਼ੀ ਵੱਲੋਂ ਜਾਰੀ ਨੋਟਿਸ ਮੁਤਾਬਕ ਪੰਚਾਇਤ ਵਿਭਾਗ ਇਸ ਕਾਰਵਾਈ ਨੂੰ ਰੱਦ ਕਰੇ ਨਹੀਂ ਤਾਂ ਉਹ ਡਾਇਰੈਕਟਰ ਗੁਰਪ੍ਰੀਤ ਸਿੰਘ ਖਹਿਰਾ ਅਤੇ ਪੰਚ-ਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੇ ਖ਼ਿਲਾਫ਼ ਪੰਜ ਕਰੋੜ ਰੁਪਏ ਦੀ ਮਾਣਹਾਨੀ ਦਾ ਕੇਸ ਦਾਇਰ ਕਰਨਗੇ।

ਕੈਪਟਨ ਬਿਕਰਮਜੀਤ ਸਿੰਘ ਨੇ ਚੋਣਵੇਂ ਪੱਤਕਰਾਰਾਂ ਨਾਲ ਗੱਲਬਾਤ ਵਿੱਚਕਿਹਾ ਕਿ ਜਿਹੜੀ ਜ਼ਮੀਨ ਪੰਚ-ਾਇਤ ਵਿਭਾਗ ਆਪਣੀ ਦੱਸ ਕੇ ਕਬਜ਼ਾ ਛੁਡਾਉਣ ਦੀ ਗੱਲ ਕਰਦਾ ਹੈ, ਉਹ ਜ਼ਮੀਨ ਉਨ੍ਹਾਂ ਨੇ ਅਭੀਪੁਰ ਪਿੰਡ ਦੇ ਲੋਕਾਂ ਤੋਂ ਸਾਲ 1997 ਵਿੱਚ ਮੁੱਲ ਖ਼ਰੀਦੀ ਸੀ ਜਿਸ ਦੀ ਜਮ੍ਹਾਂਬੰਦੀ 2005 ਤੋਂ ਉਨ੍ਹਾਂ ਦੇ ਨਾਂਅ ਉੱਤੇ ਹੈ। ਜ਼ਮੀਨ ਨਾ ਪੰਚਾਇਤੀ ਹੈ ਤੇ ਨਾ ਸ਼ਾਮਲਾਤ। ਇਸ ਦਾ ਬਾਕਾਇਦਾ ਕਬਜ਼ਾ ਉਨ੍ਹਾਂ ਕੋਲ ਹੈ ਤੇ ਕਬਜ਼ਾ ਲੈਣ ਤੋਂ ਪਹਿਲਾਂ ਉਨ੍ਹਾਂ ਨੂੰ ਸਰਕਾਰ ਦਾ ਕੋਈ ਨੋਟਿਸ ਨਹੀਂ ਮਿਲਿਆ। ਜ਼ਮੀਨ ਦੇ ਟਾਈਟਲ ਦਾ ਕੇਸ ਵਿਚਾਰ ਅਧੀਨ ਹੈ ਜਿਸ ਦੀ ਅਗਲੀ ਤਾਰੀਕ 10 ਹੈ ਤੇ ਸਿਵਲ ਕੋਰਟ ਦਾ ਸਟੇਅ ਵੀ ਉਨ੍ਹਾਂ ਕੋਲ ਹੈ। ਰੈਵੀਨਿਊ ਵਿਭਾਗ ਨੇ ਵੀ ਵਿਭਾਗ ਨੂੰ 28 ਮਾਰਚ 2022 ਨੂੰ ਇੱਕ ਰਿਪੋਰਟ ਦਿੱਤੀ ਸੀ ਕਿ ਕਿ ਇਹ ਜ਼ਮੀਨ ਸੰਯੁਕਤ ਖੇਵਟ ਹੈ, ਜਿਸ ਉੱਤੇ ਵਾਰੰਟ ਆਫ਼ ਪੋਜੈਸ਼ਨ ਐਗਜ਼ੀਕਿਊਟ ਨਹੀਂ ਹੋ ਸਕਦਾ।

# ਕਾਂਗਰਸ ਹਾਈਕਮਾਨ ਨੇ ਪੰਜਾਬ ਵਾਸਤੇ ਪੰਜ ਮੀਤ ਪ੍ਰਧਾਨ ਬਣਾਏ

ਚੰਡੀਗੜ੍ਹ, 30 ਅਪ੍ਰੈਲ (ਪੋਸਟ ਬਿਊਰੋ)- ਕਾਂਗਰਸ ਹਾਈਕਮਾਨ ਨੇ ਪੰਜਾਬ ਦੇ ਨਵੇਂ ਅਹੁਦੇਦਾਰਾਂ ਦਾ ਐਲਾਨ ਕੀਤਾ ਹੈ। ਪਾਰਟੀ ਦੇ ਜਨਰਲ ਸੈਕਟਰੀ ਕੇ ਸੀ ਵੇਣੂਗੋਪਾਲ ਵੱਲੋਂ ਜਾਰੀ ਪੱਤਰ ਅਨੁਸਾਰ ਕਾਂਗਰਸ ਨੇ ਪੰਜ ਨਵੇਂ ਮੀਤ ਪ੍ਰਧਾਨ, ਇੱਕ ਖ਼ਜ਼ਾਨਚੀ ਅਤੇ ਇੱਕ ਜਨਰਲ ਸੈਕਟਰੀ ਦੀ ਨਿਯੁਕਤੀ ਕੀਤੀ ਹੈ। ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਹਾਈਕਮਾਨ ਨੇ ਅਜੇ ਕੋਈ ਅਹੁਦਾ ਨਹੀਂ ਦਿੱਤਾ, ਪਰ ਅਰੁਣਾ ਚੌਧਰੀ, ਇੰਦਰਬੀਰ ਸਿੰਘ ਬੁਲਾਰੀਆ, ਸੁੰਦਰ ਸ਼ਾਮ ਅਰੋੜਾ ਨੂੰ ਮੀਤ ਪ੍ਰਧਾਨ ਬਣਾ ਕੇ ਕੈਪਟਨ ਸੰਦੀਪ ਸਿੰਘ ਸੰਧੂ ਨੂੰ ਜਨਰਲ ਸੈਕਟਰੀ ਲਾਇਆ ਅਤੇ ਅਮਿਤ ਵਿੱਜ ਨੂੰ ਖ਼ਜ਼ਾਨਚੀ ਵਾਲੀ ਜ਼ਿੰਮੇਵਾਰੀ ਸੌਂਪੀ ਹੈ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੀ ਪਾਰਟੀ ਨੇ ਚਾਰ ਕਾਰਜਕਾਰੀ ਪ੍ਰਧਾਨ ਬਣਾਏ ਸਨ। ਇੰਜ ਹੀ ਹਰਿਆਣਾ ਵਿੱਚ ਕਾਂਗਰਸ ਨੇ ਨਵੇਂ ਪ੍ਰਧਾਨ ਦੇ ਨਾਲ ਚਾਰ ਕਾਰਜਕਾਰੀ ਪ੍ਰਧਾਨ ਲਾਏ ਹਨ, ਪਰ ਪੰਜਾਬ ਵਿੱਚ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨਾਲ ਸਿਰਫ਼ ਇੱਕ ਕਾਰਜਕਾਰੀ ਪ੍ਰਧਾਨ ਭਾਰਤ ਭੂਸ਼ਨ ਆਸ਼ੂ ਨੂੰ ਲਾਇਆ ਹੈ। ਮੀਤ ਪ੍ਰਧਾਨਾਂ ਦੀ ਨਵੀਂ ਸੂਚੀ ਵਿੱਚ ਕਾਂਗਰਸ ਨੇ ਦੁਆਬੇਤੋਂ ਚਿਹਰੇ, ਮਾਝੇ ਅਤੇ ਮਾਲਵੇ ਵਿੱਚੋਂ ਇੱਕ-ਇੱਕ ਚਿਹਰਾ ਲਿਆ ਅਤੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਕਰੀਬੀ ਰਹੇ ਪ੍ਰਗਟ ਸਿੰਘ ਨੂੰ ਮੀਤ ਪ੍ਰਧਾਨਗੀ ਦਿੱਤੀ ਹੈ। ਪਹਿਲਾਂ ਉਹ ਜਨਰਲ ਸੈਕਟਰੀ ਬਣਾਏ ਸਨ। ਸੂਚੀ ਵਿੱਚ ਇੱਕ ਮਹਿਲਾ ਆਗੂ ਨੂੰ ਵੀ ਜਗ੍ਹਾ ਮਿਲੀ ਹੈ। ਨਵੀਂ ਟੀਮ ਲਈ ਆਗਾਮੀ ਲੋਕ ਸਭਾ ਚੋਣਾਂ ਦੀ ਵੱਡੀ ਚੁਣੌਤੀ ਹੋਵੇਗੀ। ਉਸ ਤੋਂ ਪਹਿਲਾਂ ਸੰਗਰੂਰ ਦੀ ਲੋਕ ਸਭਾ ਉੱਪ ਚੋਣ ਵੀ ਹੋਣ ਵਾਲੀ ਹੈ।

# ਤੇਜ਼ਧਾਰ ਹਥਿਆਰ ਮਾਰ ਕੇ ਮੋਬਾਈਲ ਅਤੇ ਚੇਨ ਖੋਹੀ

ਲੁਧਿਆਣਾ, 1 ਮਈ (ਪੋਸਟ ਬਿਊਰੋ)- ਫੋਕਲ ਪੁਆਇੰਟ ਦੀ ਗੋਲਡ ਸਟਾਰ ਕਾਲੋਨੀ ਨੇੜੇ ਜਾਂਦੇ ਵਿਅਕਤੀ ਕੋਲੋਂ ਮੋਟਰ ਸਾਈਕਲ ਸਵਾਰ ਤਿੰਨ ਨੌਜਵਾਨਾਂ ਨੇ ਤੇਜ਼ਧਾਰ ਹਥਿਆਰ ਮਾਰ ਕੇ ਮੋਬਾਈਲ ਤੇ ਸੋਨੇ ਦੀ ਚੇਨ ਖੋਹ ਲਈ।

ਇਸ ਸੰਬੰਧ ਵਿੱਚ ਪੀੜਤ ਨੇ ਦੋਸ਼ੀਆਂ ਦੇ ਮੋਟਰ ਸਾਈਕਲ ਦਾ ਨੰਬਰ ਨੋਟ ਕਰ ਲਿਆ ਅਤੇ ਪੁਲਸ ਨੇ ਮੋਟਰ ਸਾਈਕਲ ਨੰਬਰ ਦੇ ਆਧਾਰ ਉੱਤੇ ਦੋਸ਼ੀਆਂ ਦੀ ਪਛਾਣ ਕਰ ਲਈ। ਦੋਸ਼ੀਆਂ ਬਿੱਟੂ, ਪੱਪੂ ਕੁਮਾਰ ਅਤੇ ਸੁਭਾਸ਼ ਕੁਮਾਰ ਦੇ ਖਿਲਾਫ ਕੇਸ ਦਰਜ ਕਰ ਕੇ ਉਨ੍ਹਾਂ ਦੀ ਤਲਾਸ਼ ਸ਼ੁਰੂ ਕਰ ਦਿਤੀ। ਪੀੜਤ ਰਵੀ ਕਾਂਤ ਨੇ ਦੱਸਿਆ ਕਿ ਉਹ ਫੈਕਟਰੀ ਤੋਂ ਛੁੱਟੀ ਕਰ ਕੇ ਘਰ ਜਾ ਰਿਹਾ ਸੀ। ਇਸ ਦੌਰਾਨ ਪਿੱਛਿਓਂ ਮੋਟਰ ਸਾਈਕਲ ਸਵਾਰ ਤਿੰਨ ਨੌਜਵਾਨ ਆਏ ਅਤੇ ਹਥਿਆਰ ਨਾਲ ਵਾਰ ਕਰ ਕੇ ਮੋਬਾਈਲ ਤੇ ਚਾਂਦੀ ਦੀ ਚੇਨ ਖੋਹ ਲਈ।

# ਖੁਦਕੁਸ਼ੀ ਕਰਨ ਵਾਲੀ ਔਰਤ ਦਾ ਪਤੀ ਤੇ ਦਿਓਰ ਗ੍ਰਿਫਤਾਰ

ਜਲੰਧਰ, 1 ਮਈ (ਪੋਸਟ ਬਿਊਰੋ)- ਗੁੱਝਾ ਪੀਰ ਰੋਡ ਉੱਤੇ ਸ਼ੱਸ਼ੀ ਨਗਰ ਵਿੱਚ ਦਾਜ ਲਈ ਤੰਗ ਕੀਤੇ ਜਾਣ ਤੋਂ ਦੁਖੀ ਹੋ ਕੇ ਖੁਦਕੁਸ਼ੀ ਕਰਨ ਵਾਲੀ ਸੱਤ ਮਹੀਨੇ ਦੀ ਗਰਭਵਤੀ ਔਰਤ ਦੇ ਪਤੀ ਤੇ ਦਿਓਰ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਇਸ ਕੇਸ ਵਿੱਚ ਦਿਓਰ ਦੀ ਪਤਨੀ ਦੀ ਤਲਾਸ਼ ਕੀਤੀ ਜਾ ਰਹੀ ਹੈ।

ਮ੍ਰਿਤਕਾ ਲਲਿਤਾ ਉਰਫ ਗੰਗਾ ਦੇ ਪਿਤਾ ਹਰਵਿੰਦਰ ਸਿੰਘ ਵਾਸੀ ਸ਼ਾਹਕੋਟ ਨੇ ਦੱਸਿਆ ਕਿ ਚਾਰ ਸਾਲ ਪਹਿਲਾਂ ਉਸ ਨੇ ਆਪਣੀ ਬੇਟੀ ਦਾ ਵਿਆਹ ਸ਼ੱਸ਼ੀਨਗਰ ਦੇ ਪਾਰੂਲ ਉਰਫ ਚੀਨੂ ਨਾਲ ਕੀਤਾ ਸੀ। ਦਾਜ ਵਿੱਚ ਬੇਟੀ ਨੂੰ ਸੋਨੇ ਦੇ ਗਹਿਣੇ ਅਤੇ ਫਰਨੀਚਰ ਦਿੱਤਾ ਸੀ, ਪਰ ਕੁਝ ਸਮੇਂ ਪਿੱਛੋਂ ਉਸ ਦੀ ਮਾਰਕੁੱਟ ਸ਼ੁਰੂ ਕਰ ਦਿੱਤੀ ਗਈ। ਲਲਿਤਾ ਨੇ ਆਪਣੀ ਦਾਦੀ ਨੂੰ ਫੋਨ ਕਰ ਕੇ ਦੱਸਿਆ ਕਿ ਪਾਰੂਲ 25 ਹਜ਼ਾਰ ਰੁਪਏ ਮੰਗਦਾ ਹੈ, ਪਰ ਮਨ੍ਹਾ ਕਰਨ ਉੱਤੇ ਉਸ ਨਾਲ ਮਾਰਕੁੱਟ ਕੀਤੀ। ਕਈ ਵਾਰ ਸਮਝਾਇਆ ਕਿ ਉਹ ਮਾਰਕੁੱਟ ਨਾ ਕਰਨ, ਪਰ ਉਹ ਨਹੀਂ ਮੰਨੇ। ਕਿਸੇ ਰਿਸ਼ਤੇਦਾਰ ਨੇ ਫੋਨ ਕਰ ਕੇ ਦਸਿਆ ਕਿ ਉਨ੍ਹਾਂ ਦੀ ਬੇਟੀ ਦੀ ਮੌਤ ਹੋ ਗਈ ਹੈ। ਦੇਰ ਰਾਤ ਉਹ ਆਪਣੀ ਬੇਟੀ ਦੇ ਸਹੁਰੇ ਘਰ ਪਹੁੰਚੇ ਤਾਂ ਦੇਖਿਆ ਕਿ ਲਲਿਤਾ ਦੇ ਮੂੰਹ ਵਿੱਚੋਂ ਝੱਗ ਨਿਕਲ ਰਹੀ ਸੀ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |



Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.



# ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224




# ਜਰੂਰੀ ਬੇਨਤੀ

## ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

## ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ


## ਭਾਰੀ ਸਮਾਗਮ

ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਨਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# ਭਾਰਤ ਦੀ ਹਸਤੀ ਨੂੰ ਖਤਰਾ ਇਸ ਦੇ ਅੰਦਰਲੀਆਂ ਘੇਰਾਬੰਦੀਆਂ ਤੋਂ



ਜਤਿੰਦਰ ਪੰਨੂ

ਭਾਰਤ ਦਾ ਇੱਕ ਪ੍ਰਮੁੱਖ ਪੱਤਰਕਾਰ ਹੁੰਦਾ ਸੀ, ਉਹ ਅਜੇ ਵੀ ਹੈ, ਪਰ ਅੱਜਕੱਲ੍ਹ ਉਹ ਪੱਤਰਕਾਰ ਨਹੀਂ, ਰਾਜਸੀ ਲੀਡਰ ਹੋ ਗਿਆ ਹੈ ਤੇ ਰਾਜਸੀ ਲੀਡਰ ਵੀ ਇੱਕ ਵਾੜੇ ਦੀ ਭੇਡ ਬਣਨ ਦੀ ਥਾਂ ਸੱਤਾ ਦੇ ਸੁੱਖ ਲਈ ਹਰ ਕਿਸੇ ਪਾਰਟੀ ਦੀ ਸਰਦਲ ਉੱਤੇ ਮੱਥਾ ਟੇਕਣ ਵਾਲਿਆਂ ਵਿੱਚ ਗਿਣਿਆ ਜਾਂਦਾ ਹੈ। ਜਦੋਂ ਹਾਲੇ ਉਹ ਸੱਤਾ ਦੀ ਲਾਲਸਾ ਲਈ ਕਿਸੇ ਪਾਰਟੀ ਦੀ ਸਰਦਲ ਉੱਤੇ ਅਲਖ ਜਗਾਉਣ ਦੇ ਰਾਹ ਨਹੀਂ ਸੀ ਪਿਆ, ਪੈਂਤੀ ਕੁ ਸਾਲ ਪਹਿਲਾਂ ਉਸ ਨੇ ਇੱਕ ਕਿਤਾਬ 'ਇੰਡੀਆ: ਦਾ ਸੀਜ਼ ਵਿਦਿਨ' ਲਿਖੀ ਸੀ, ਜਿਸ ਦਾ ਪੰਜਾਬੀ ਵਿੱਚ ਭਾਵ 'ਭਾਰਤ ਦੇ ਅੰਦਰੋ-ਅੰਦਰ ਘੇਰਾਬੰਦੀਆਂ' ਲਿਆ ਜਾ ਸਕਦਾ ਹੈ। ਇਹ ਕਿਤਾਬ ਬਹੁਤ ਵਧੀਆ ਸਮਝੀ ਗਈ ਸੀ ਅਤੇ ਕਈ ਲੋਕ ਇਸ ਨੂੰ ਭਾਰਤ ਦੇ ਵਿਗੜ ਰਹੇ ਹਾਲਾਤ ਨੂੰ ਸਮਝਣ ਲਈ ਇੱਕ ਹੈਂਡ-ਬੁੱਕ ਵਾਂਗ ਨਾਲ ਰੱਖ ਕੇ ਮਾਣ ਮਹਿਸੂਸ ਕਰਦੇ ਸਨ। ਫਿਰ ਅਕਬਰ ਹੀ ਅਕਬਰ ਨਹੀਂ ਸੀ ਰਿਹਾ ਅਤੇ ਇੱਕ ਪਿੱਛੋਂ ਦੂਸਰੀ ਪਾਰਟੀ ਦੀ ਚਾਕਰੀ ਕਰਦਾ ਅੰਤ ਵਿੱਚ ਉਹ ਓਸੇ ਭਾਜਪਾ ਦੀ ਸਰਕਾਰ ਵਿੱਚ ਕੇਂਦਰੀ ਮੰਤਰੀ ਬਣ ਗਿਆ ਸੀ, ਜਿਸ ਦੇ ਖਿਲਾਫ ਲਿਖਦਾ ਹੁੰਦਾ ਸੀ।ਭਾਰਤ ਦੇ ਹਾਲਾਤ ਸਮਝਣ ਵਿੱਚ ਉਸ ਦੀ ਉਹ ਕਿਤਾਬ ਅੱਜ ਵੀ ਬਹੁਤ ਮਦਦ ਕਰ ਸਕਦੀ ਹੈ, ਜਿਹੜੀ ਦੇਸ਼ ਦੇ ਅੰਦਰ ਹੁੰਦੀਆਂ ਘੇਰਾਬੰਦੀਆਂ ਦੀ ਵਿਆਖਿਆ ਕਰਦੀ ਹੈ।

ਅਸੀਂ ਭਾਰਤੀ ਲੋਕ ਲੰਮਾ ਸਮਾਂ ਇਸ ਗੱਲ ਦਾ ਮਾਣ ਕਰਦੇ ਰਹੇ ਹਾਂ ਤੇ ਭਵਿੱਖ ਵਿੱਚ ਵੀ ਕਰਨਾ ਚਾਹੁੰਦੇ ਹਾਂ ਕਿ ਭਾਰਤ ਕੁਦਰਤੀ ਦਾਤਾਂ ਦੇ ਪੱਖੋਂ ਹੀ ਅਨੇਕਤਾ ਵਿੱਚ ਏਕਤਾ ਦਾ ਨਮੂਨਾ ਨਹੀਂ, ਇਸ ਦੇ ਲੋਕਾਂ ਦੀ ਧਰਮ ਦੀ ਅਨੇਕਤਾ ਦੇ ਬਾਵਜੂਦ ਇਹ ਲੋਕਤੰਤਰ ਦੇ ਰਾਹ ਉੱਤੇ ਸ਼ਾਂਤਮਈ ਚੱਲੀ ਜਾਂਦਾ ਹੈ। ਇਹ ਠੀਕ ਹੈ ਕਿ ਅਸੀਂ ਭਵਿੱਖ ਵਿੱਚ ਵੀ ਇਸ ਦੇ ਏਸੇ ਤਰ੍ਹਾਂ ਚੱਲਦੇ ਰਹਿਣ ਦਾ ਮਾਣ ਕਰਨਾ ਚਾਹੁੰਦੇ ਹਾਂ, ਪਰ ਭਵਿੱਖ ਵਿੱਚ ਇਸ ਦੀ ਅਨੇਕਤਾ ਵਿੱਚ ਏਕਤਾ ਤੇ ਇਸ ਦੀ ਏਕਤਾ ਦੇ ਪੱਕੇ ਪੈਰੀਂ ਰਹਿਣ ਦਾ ਯਕੀਨ ਸਾਡੇ ਵਿੱਚ ਕਿੰਨੇ ਲੋਕਾਂ ਨੂੰ ਹੈ, ਇਹ ਦੱਸ ਸਕਣਾ ਔਖਾ ਹੈ। 'ਪਿਆਰੀ ਭਾਰਤ ਮਾਂ' ਗਾਉਣ ਵਾਲੇ ਬਹੁਤ ਸਾਰੇ ਲੋਕਾਂ ਦਾ ਇਹ ਵਿਸ਼ਵਾਸ ਪਹਿਲਾਂ ਜਿੰਨਾ ਪੱਕਾ ਨਹੀਂ ਰਿਹਾ ਅਤੇ ਉਹ ਗੱਲਾਂ ਕਰਨ ਲੱਗੇ ਹਨ ਕਿ ਜੇ ਹਾਲਾਤ ਇਹੋ ਰਹੇ ਤਾਂ ਸੁਰਜੀਤ ਪਾਤਰ ਦਾ ਇਹ ਸ਼ੇਅਰ ਯਾਦ ਰੱਖਣਾ ਚਾਹੀਦਾ ਹੈ ਕਿ "ਜੇ ਹਵਾ ਇਹ ਰਹੀ ਤਾਂ ਫਿਰ ਕਬਰਾਂ 'ਤੇ ਕੀ, ਸਭ ਘਰਾਂ ਦੇ ਵੀ ਦੀਵੇ ਬੁਝੇ ਰਹਿਣਗੇ।" ਭਾਰਤ ਉਸ ਪਾਸੇ ਵੱਲ ਵਧ ਰਿਹਾ ਜਾਪਦਾ ਹੈ।

ਸਾਨੂੰ ਇਸ ਗੱਲੋਂ ਪੂਰੀ ਤਸੱਲੀ ਹੈ ਕਿ ਪਟਿਆਲੇ ਵਿੱਚ ਇੱਕ ਸ਼ੋਹਦੇ ਵੱਲੋਂ ਫਿਰਕੂ ਸੱਦਾ ਦੇ ਕੇ ਚੁਆਤੀ ਲਾਉਣ ਦਾ ਉਸ ਨੂੰ ਜਾਂ ਉਸ ਦੇ ਪਿੱਛੇ ਖੜੀਆਂ ਤਾਕਤਾਂ ਨੂੰ ਮਨ-ਚਾਹਿਆ ਮਕਸਦ ਹਾਸਲ ਨਹੀਂ ਹੋ ਸਕਿਆ। ਉਸ ਸ਼ਰਾਰਤੀ ਦੇ ਆਪਣੇ ਹਿੰਦੂ ਭਾਈਚਾਰੇ ਦੇ ਲੋਕਾਂ ਨੇ ਉਸ ਨੂੰ ਇਸ ਗੱਲੋਂ ਝਾੜਿਆ ਅਤੇ ਨਾ ਸਿਰਫ ਗੱਲਾਂ ਨਾਲ ਝਾੜਿਆ, ਸਰੀਰਕ ਤੌਰ ਉੱਤੇ ਵੀ ਕੁਝ ਹੱਦ ਤੱਕ ਝੰਬ ਦਿੱਤਾ ਕਿ ਉਹ ਸੁੱਖੀਂ ਵੱਸਦੇ ਦੋਵਾਂ ਭਾਈਚਾਰਿਆਂ ਦੇ ਲੋਕਾਂ ਵਿਚਾਲੇ ਫਸਾਦ ਕਰਾਉਣ ਦੇ ਲਈ ਸ਼ੋਸ਼ੇ ਛੱਡਦਾ ਫਿਰਦਾ ਹੈ। ਸਿੱਖ ਭਾਈਚਾਰਾ ਵੀ ਆਮ ਕਰ ਕੇ ਸ਼ਾਂਤ ਤੇ ਜ਼ਿਮੇਵਾਰੀ ਦੇ ਅਹਿਸਾਸ ਤੱਕ ਸੀਮਤ ਰਹਿ ਕੇ ਪਟਿਆਲੇ ਸ਼ਹਿਰ ਤੇ ਪੰਜਾਬ ਦਾ ਮਾਹੌਲ ਵਿਗੜਨ ਤੋਂ ਬਚਾਉਣ ਵਿੱਚ ਕਾਮਯਾਬ ਰਿਹਾ ਹੈ। ਫਿਰ ਵੀ ਇਹ ਨੋਟ ਕਰਨ ਦੀ ਲੋੜ ਹੈ ਕਿ ਏਦਾਂ ਦੀ ਕੋਈ ਚੁਆਤੀ ਲਾਉਣ ਦਾ ਕੰਮ ਕੋਈ ਇਕੱਲਾ ਬੰਦਾ ਆਪਣੇ ਆਪ ਨਹੀਂ ਕਰਦਾ ਹੁੰਦਾ, ਅਸਲ ਵਿੱਚ ਉਸ ਦੇ ਪਿੱਛੇ ਕੋਈ ਨਾ ਕੋਈ ਸ਼ਰਾਰਤੀ ਧਿਰ ਹੋ ਸਕਦੀ ਹੈ, ਜਿਹੜੀ ਮੁੜ ਕੇ ਸਾਜਿਸ਼ ਕਰ ਸਕਦੀ ਹੈ।

ਦੂਸਰੇ ਪਾਸੇ ਦੇਸ਼ ਦੇ ਪੱਧਰ ਉੱਤੇ ਕਦੀ ਰਾਜਧਾਨੀ ਦਿੱਲੀ ਦੇ ਜਹਾਂਗੀਰਪੁਰੀ ਵਿੱਚ ਦੰਗੇ ਤੇ ਕਦੀ ਮੱਧ ਪ੍ਰਦੇਸ਼ ਦੇ ਖਰਗੌਨ ਵਿੱਚ ਇਹੋ ਕੁਝ ਹੋਣਾ ਦੱਸਦਾ ਹੈ ਕਿ ਸ਼ਰਾਰਤੀ ਅਨਸਰ ਇਸ ਦੇਸ਼ ਨੂੰ ਆਰਾਮ ਨਾਲ ਵੱਸਦਾ ਬਰਦਾਸ਼ਤ ਨਹੀਂ ਕਰਦੇ। ਇਹੋ ਕਾਰਨ ਹੈ ਕਿ ਵੱਖ-ਵੱਖ ਥਾਂਈਂ ਵੱਖ-ਵੱਖ ਰੂਪਾਂ ਵਿੱਚ ਇਹੋ ਜਿਹੀ ਕੋਈ ਨਾ ਕੋਈ ਗੱਲ ਬਾਹਰ ਆ ਜਾਂਦੀ ਹੈ, ਜਿਹੜੀ ਵਕਤ ਰਹਿੰਦਿਆਂ ਸੰਭਾਲੀ ਨਾ ਜਾਵੇ ਤਾਂ ਬਾਤ ਦਾ ਬਤੰਗੜ ਹੀ ਨਹੀਂ, ਸਮੁੱਚੇ ਦੇਸ਼ ਦੇ ਮਾਹੌਲ ਨੂੰ ਵਿਗਾੜਨ ਵਾਲੀ ਹੋ ਸਕਦੀ ਹੈ। ਫਿਰਕੂ ਤੱਤ ਏਦਾਂ ਦੀਆਂ ਗੁੱਝੇ ਦਾਅ ਖੇਡਣ ਲਈ ਸਰਗਰਮ ਹਨ। ਇਸ ਦੀ ਝਲਕ ਮੱਧ ਪ੍ਰਦੇਸ਼ ਦੇ ਸ਼ਹਿਰ ਖੰਡਵਾ ਵਿੱਚ ਕ੍ਰਿਕਟ ਨੂੰ ਫਿਰਕੂ ਰੰਗ ਦੇਣ ਤੋਂ ਵੀ ਸਾਹਮਣੇ ਆਈ ਹੈ, ਜਿੱਥੇ ਹਰ ਸਾਲ ਹੁੰਦੇ ਕ੍ਰਿਕਟ ਟੂਰਨਾਮੈਂਟ ਵਿੱਚ ਪਹਿਲੀ ਵਾਰੀ ਇੱਕ ਧਰਮ ਦੇ ਖਿਡਾਰੀ ਸ਼ਾਮਲ ਨਹੀਂ ਸਨ ਕੀਤੇ ਗਏ। ਪੁੱਛਣ ਉੱਤੇ ਉਸ ਹਲਕੇ ਵਿੱਚੋਂ ਲੋਕਾਂ ਵੱਲੋਂ ਚੁਣੇ ਹੋਏ ਭਾਜਪਾ ਵਿਧਾਇਕ ਨੇ ਤਾਂ ਇਹ ਕਹਿ ਕੇ ਖਹਿੜਾ ਛੁਡਾ ਲਿਆ ਕਿ ਉਸ ਦਾ ਇਸ ਨਾਲ ਸੰਬੰਧ ਹੀ ਕੋਈ ਨਹੀਂ, ਪਰ ਉਸ ਟੂਰਨਾਮੈਂਟ ਦੇ ਮੁੱਖ ਪ੍ਰਬੰਧਕ ਨੇ ਸਾਫ ਸ਼ਬਦਾਂ ਵਿੱਚ ਇਹ ਕਹਿ ਦਿੱਤਾ ਕਿ 'ਮੇਰੇ ਘਰ ਵਿੱਚ ਕੋਈ ਵਿਆਹ ਜਾਂ ਹੋਰ ਸਮਾਗਮ ਹੋਵੇ ਤਾਂ ਕਿਸ ਨੂੰ ਸੱਦਣਾ ਤੇ ਕਿਸ ਨੂੰ ਨਹੀਂ, ਮੇਰੀ ਮਰਜ਼ੀ ਹੀ ਚੱਲੇਗੀ।' ਇਸ ਤਰ੍ਹਾਂ ਓਥੇ ਹਰ ਸਾਲ ਹੋਣ ਵਾਲਾ 'ਵਿਧਾਇਕ ਕ੍ਰਿਕਟ ਟੂਰਨਾਮੈਂਟ' ਪਹਿਲੀ ਵਾਰ ਫਿਰਕੂ ਰੰਗ ਵਿੱਚ ਰੰਗਿਆ ਗਿਆ ਅਤੇ ਕ੍ਰਿਕਟ ਦੇ ਬੈਟ ਤੇ ਬਾਲ ਫਿਰਕੂ ਰੰਗ ਵਿੱਚ ਰੰਗੇ ਜਾਣ ਦਾ ਉਹ ਪ੍ਰਭਾਵ ਮਿਲਣ ਲੱਗ ਪਿਆ, ਜਿਹੜਾ ਦੇਸ਼ ਲਈ ਸ਼ੁਭ ਨਹੀਂ। ਤੀਸਰੇ ਪਾਸੇ ਰਾਮ ਭਗਵਾਨ ਦੀ ਨਗਰੀ ਕਹੇ ਜਾਂਦੇ ਅਯੁੱਧਿਆ ਸ਼ਹਿਰ ਦੀ ਖਬਰ ਚਿੰਤਾ ਪੈਦਾ ਕਰਨ ਵਾਲੀ ਹੈ ਤੇ ਇਹ ਵਿਸ਼ਵਾਸ ਬੰਨ੍ਹਾਉਣ ਵਾਲੀ ਵੀ ਕਿ ਲੋਕ ਅਜੇ ਭਾਈਚਾਰਕ ਸਾਂਝਾਂ ਕਾਇਮ ਰੱਖਣ ਲਈ ਵਚਨਬੱਧ ਹਨ। ਭਾਰਤ ਜਾਂ ਇਸ ਤੋਂ ਬਾਹਰ ਦੇ ਬਹੁਤੇ ਲੋਕ ਇਹ ਗੱਲ ਨਹੀਂ ਜਾਣਦੇ ਕਿ ਜਦੋਂ ਅਯੁੱਧਿਆ ਵਿੱਚ ਬਾਬਰੀ ਮਸਜਿਦ ਢਾਹੀ ਜਾਣ ਲਈ ਇੱਕ ਖਾਸ ਪਾਰਟੀ ਦੇ ਮੁਖੀ ਆਗੂ ਦੀ ਅਗਵਾਈ ਵਿੱਚ ਰੱਥ ਘੁੰਮਾਇਆ ਗਿਆ ਤੇ ਫਿਰ ਮਸਜਿਦ ਤੋੜਨ ਮਗਰੋਂ ਸਮੁੱਚੇ ਭਾਰਤ ਵਿੱਚ ਦੰਗੇ ਹੋਣ ਲੱਗੇ ਹਨ, ਅਯੁੱਧਿਆ ਦੇ ਲੋਕ ਓਦੋਂ ਵੀ ਇੱਕ ਦੂਸਰੇ ਨਾਲ ਨਹੀਂ ਸੀ ਲੜੇ। ਹਰ ਨਾਜ਼ਕ ਮੋੜ ਉੱਤੇ ਉਨ੍ਹਾਂ ਸੂਝ ਦਾ ਸਬੂਤ ਦਿੱਤਾ ਸੀ ਤੇ ਅੱਜ ਵੀ ਉਸ ਸੂਝ ਨਾਲ ਚੱਲ ਰਹੇ ਹਨ, ਪਰ ਲੋਕਾਂ ਦੀ ਇਸ ਸੂਝ ਦੇ ਦੁਸ਼ਮਣ ਚੁਆਤੀਆਂ ਲਾਉਣ ਤੋਂ ਓਥੇ ਵੀ ਬਾਜ਼ ਨਹੀਂ ਆਏ। ਇਸ ਹਫਤੇ ਕੁਝ ਅਖਬਾਰਾਂ ਨੇ ਇਹ ਖਬਰ ਦਿੱਤੀ ਹੈ ਕਿ ਓਥੇ ਕੁਝ ਸ਼ਰਾਰਤੀਆਂ ਨੇ ਹਿੰਦੂ-ਮੁਸਲਿਮ ਦੰਗੇ ਕਰਾਉਣ ਦੀ ਸਾਜ਼ਿਸ਼ ਕੀਤੀ, ਪਰ ਕਾਮਯਾਬ ਨਹੀਂ ਹੋ ਸਕੇ ਅਤੇ ਅੰਤ ਵਿੱਚ ਜੇਲ੍ਹ ਜਾ ਪੁੱਜੇ ਹਨ। ਇਨ੍ਹਾਂ ਲੋਕਾਂ ਨੇ ਇੱਕ ਖਾਸ ਧਰਮ ਦੇ ਲੋਕਾਂ ਵਰਗੇ ਕੁੜਤੇ-ਪਜਾਮੇ ਪਹਿਨੇ ਅਤੇ ਜਾਲੀਦਾਰ ਟੋਪੀਆਂ ਪਾ ਕੇ ਕੁਝ ਥਾਂਵਾਂ ਤੋਂ ਮਾਸ ਖਰੀਦਣ ਦੇ ਬਾਅਦ ਕੁਝ ਖਾਸ ਧਰਮ ਅਸਥਾਨਾਂ ਵਿੱਚ ਸੁੱਟਣ ਦੀ ਹਰਕਤ ਕੀਤੀ ਤਾਂ ਸੀ ਸੀ ਟੀ ਵੀ ਕੈਮਰਿਆਂ ਦੀ ਅੱਖ ਤੋਂ ਲੁਕੇ ਨਹੀਂ ਰਹਿ ਸਕੇ। ਉਨ੍ਹਾਂ ਬਾਰੇ ਚੌਕਸੀ ਕੈਮਰਿਆਂ ਦੀ ਵੀਡੀਓ ਫੁਟੇਜ ਬਹੁਤ ਜ਼ਿਆਦਾ ਸਾਫ ਮਿਲ ਗਈ ਅਤੇ ਉਸ ਰਾਜ ਦੀ ਸਰਕਾਰ ਨੂੰ ਵੀ ਉਨ੍ਹਾਂ ਵਿਰੁੱਧ ਕਾਰਵਾਈ ਕਰਨੀ ਪਈ ਹੈ। ਦੋਸ਼ੀਆਂ ਵਿੱਚੋਂ ਜਿਹੜਾ ਆਗੂ ਮੰਨਿਆ ਜਾਂਦਾ ਹੈ, ਉਸ ਦੇ ਭਰਾ ਦਾ ਕਹਿਣਾ ਹੈ ਕਿ ਮੇਰਾ ਭਰਾ ਤਾਂ ਦਿੱਲੀ ਦੇ ਜਹਾਂਗੀਰਪੁਰੀ ਵਿੱਚ ਵਾਪਰੇ ਦੰਗਿਆਂ ਦਾ ਬਦਲਾ ਲੈਣਾ ਚਾਹੁੰਦਾ ਸੀ। ਪਹਿਲੀ ਗੱਲ ਤਾਂ ਇਹ ਕਿ ਜਹਾਂਗੀਰਪੁਰ ਵਿੱਚ ਜੋ ਹੋਇਆ, ਉਹ ਅੰਤਾਂ ਦਾ ਮਾੜਾ ਤੇ ਨਿੰਦਣ ਯੋਗ ਸੀ, ਦੂਸਰੀ ਇਹ ਕਿ ਉਹ ਦੇਸ਼ ਦੀ ਰਾਜਧਾਂਨੀ ਦਿੱਲੀ ਦਾ ਮਾਮਲਾ ਸੀ, ਜਿੱਥੇ ਅਯੁੱਧਿਆ ਦੇ ਲੋਕ ਇੱਕ ਜਾਂ ਦੂਸਰੇ ਪਾਸੇ ਤੋਂ ਲੜਨ ਲਈ ਨਹੀਂ ਸਨ ਗਏ ਤਾਂ ਉਸ ਦਾ ਬਦਲਾ ਅਯੁੱਧਿਆ ਵਿੱਚ ਲੈਣ ਦੀ ਗੱਲ ਕਰਨ ਦਾ ਕੋਈ ਮਤਲਬ ਹੀ ਨਹੀਂ ਸੀ ਹੋਣਾ ਚਾਹੀਦਾ। ਇਹ ਸਿਰੇ ਦੀ ਘਟੀਆ ਮਾਨਸਿਕਤਾ ਦਾ ਪ੍ਰਗਟਾਵਾ ਸੀ।

ਅਸੀਂ ਅਲਾਮਾ ਇਕਬਾਲ ਦੇ ਇਹ ਸ਼ਬਦ ਕਈ ਵਾਰ ਦੁਹਰਾਏ ਹਨ ਕਿ 'ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ, ਸਦੀਉਂ ਰਹਾ ਹੈ ਦੁਸ਼ਮਣ ਦੌਰ-ਇ-ਜ਼ਮਾਂ ਹਮਾਰਾ'। ਭਾਰਤ ਦੀ ਹਸਤੀ ਜੇ ਅੱਜ ਤੱਕ ਕਾਇਮ ਰਹੀ ਹੈ ਤਾਂ ਇਸ ਦੇ ਹਾਕਮਾਂ: ਰਾਜਿਆਂ ਜਾਂ ਲੋਕਤੰਤਰੀ ਲੀਡਰਾਂ ਦੀ ਅਗਵਾਈ ਕਰ ਕੇ ਨਹੀਂ ਰਹੀ, ਸਗੋਂ ਇਸ ਕਾਰਨ ਕਾਇਮ ਰਹਿ ਸਕੀ ਹੈ ਕਿ ਇਸ ਦੇਸ਼ ਦੇ ਲੋਕ ਆਪਸੀ ਭਾਈਚਾਰੇ ਦੀਆਂ ਤੰਦਾਂ ਨੂੰ ਹਰ ਵਾਰੀ ਟੁੱਕੇ ਜਾਣ ਤੋਂ ਬਚਾ ਲੈਂਦੇ ਰਹੇ ਹਨ। ਭਾਰਤ ਦੇ ਦੁਸ਼ਮਣ ਪਹਿਲਾਂ ਵੀ ਬਹੁਤ ਰਹੇ ਹਨ ਅਤੇ ਅੱਜ ਵੀ ਬਹੁਤ ਹਨ, ਪਰ ਭਾਰਤ ਨੂੰ ਖਤਰਾ ਬਾਹਰਲੇ ਦੁਸ਼ਮਣਾਂ ਕੋਲੋਂ ਨਹੀਂ, ਸਗੋਂ ਇਸ ਦੇ ਅੰਦਰਲੀਆਂ ਉਨ੍ਹਾਂ ਘੇਰਾਬੰਦੀਆਂ ਤੋਂ ਹੈ, ਜਿਨ੍ਹਾਂ ਦਾ ਜ਼ਿਕਰ ਐੱਮ ਜੇ ਅਕਬਰ ਨੇ ਉਸ ਵਕਤ ਕੀਤਾ ਸੀ, ਜਦੋਂ ਉਹ ਪੁਰਾਣਾ ਅਕਬਰ ਹੁੰਦਾ ਸੀ, ਰਾਜਸੀ ਚਾਹਤਾਂ ਦਾ ਗੁਲਾਮ ਨਹੀਂ ਸੀ ਬਣਿਆ। ਉਸ ਦੀਆਂ ਰਾਜਸੀ ਚਾਹਤਾਂ ਨੂੰ ਆਪਣੀ ਥਾਂ ਰੱਖਦੇ ਹੋਏ ਅੱਜ ਵੀ ਭਾਰਤ ਦੇ ਲੋਕਾਂ ਨੂੰ ਇਹ ਸੋਚਣ ਦੀ ਲੋੜ ਹੈ ਕਿ ਭਾਰਤ ਦੇ ਅੰਦਰਲੀਆਂ ਘੇਰਾਬੰਦੀਆਂ ਅਤੇ ਇਹ ਘੇਰਾਬੰਦੀਆਂ ਕਰਨ ਵਾਲੇ ਇਸ ਦੇਸ਼ ਲਈ ਕਿਸੇ ਵੀ ਹੋਰ ਖਤਰੇ ਤੋਂ ਵੱਡਾ ਖਤਰਾ ਹਨ। ਭਵਿੱਖ ਵਿੱਚ ਭਾਰਤ ਅਤੇ ਭਾਰਤੀਆਂ ਨੇ ਆਪਣੀ ਹਸਤੀ ਕਾਇਮ ਰੱਖਣੀ ਹੈ ਤਾਂ ਉਨ੍ਹਾਂ ਨੂੰ ਇਸ ਖਤਰੇ ਵਿਰੁੱਧ ਸੁਚੇਤ ਰਹਿਣਾ ਪਵੇਗਾ।

## ਆਸਟ੍ਰੇਲੀਆ ਦੀ ਰਾਜਧਾਨੀ ਕੈਨਬਰਾ ਖਾਲਸਾਈ ਰੰਗ ਵਿਚ ਰੰਗਿਆ ਗਿਆ










ਆਸਟ੍ਰੇਲੀਆ ਦੀ ਰਾਜਧਾਨੀ ਕੈਨਬਰਾ ਵਿਚ ਖਾਲਸਾ ਸਾਜਨਾ ਦਿਵਸ ਸਬੰਧੀ ਸਮਾਗਮ, 9 ਅਪ੍ਰੈਲ ਗੁਰਬਾਣੀ ਕੰਠ ਮੁਕਾਬਲਿਆਂ ਤੋਂ ਸ਼ੁਰੂ ਹੋਏ ਅਤੇ 24 ਅਪ੍ਰੈਲ ਨੂੰ ਅੰਮ੍ਰਿਤ ਸੰਚਾਰ ਨਾਲ਼ ਸਮਾਪਤ ਹੋਏ।

ਦਸਤਾਰ ਵਰਕਸ਼ਾਪ, ਦਸਤਾਰ ਮੁਕਾਬਲੇ ਤੇ ਲੰਬੇ ਸਮੇ ਤੋਂ ਲਗਾਈਆਂ ਜਾ ਰਹੀਆਂ ਕੀਰਤਨ ਕਲਾਸਾਂ ਤੋਂ ਬਾਅਦ, ਬੱਚਿਆਂ ਨੇ ਸਟੇਜ ਤੋਂ ਆਪ ਇਕ ਗਰੁੱਪ ਦੇ ਰੂਪ ਵਿਚ ਸ਼ਬਦ ਗਾਇਨ ਕਰਕੇ, ਸੰਗਤ ਨੂੰ ਕੀਲ ਲਿਆ। ਇਸ ਕੀਰਤਨ ਵਿਚ ਵੱਡੀ ਗਿਣਤੀ ਵਿੱਚ ਬੱਚਿਆ ਨੇ ਹਿੱਸਾ ਲਿਆ।

ਵੈਸਾਖੀ ਸਮਾਗਮਾਂ ਵਿਚ ਭਾਗ ਲੈਣ ਵਾਸਤੇ ਆਉਣ ਵਾਲੀਆਂ ਸੰਗਤਾਂ ਦੀ ਸੇਵਾ ਵਾਸਤੇ ਮਹੀਨਾ ਪਹਿਲਾਂ ਹਲਵਾਈਆਂ ਵੱਲੋਂ ਭਾਂਤ ਭਾਂਤ ਦੀਆਂ ਮਠਿਆਈਆਂ ਤਿਆਰ ਕਰਵਾਈਆਂ ਗਈਆਂ। ਵੈਸਾਖੀ ਵਾਲੇ ਦਿਨ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਦੀ ਸੇਵਾ ਤੋਂ ਬਾਅਦ, ਗੁਰਦੁਆਰਾ ਸਾਹਿਬ ਜੀ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਸਾਹਿਬ ਲਈ, ਨਵੀ ਖਰੀਦੀ ਵੈਨ ਨੂੰ ਸੰਗਤ ਦੀ ਹਾਜਰੀ ਵਿੱਚ ਕੇਸਰੀ ਝੰਡੇ ਨਾਲ ਰਵਾਨਗੀ ਦਿੱਤੀ ਗਈ।

ਉਪ੍ਰੰਤ ਦੀਵਾਨ ਹਾਲ ਵਿਚ ਸਜੇ ਦੀਵਾਨ ਵਿਚ ਭਾਈ ਪਰਮਿੰਦਰ ਸਿੰਘ ਅਤੇ ਭਾਈ ਗੁਰਦੀਪ ਸਿੰਘ ਜੀ ਦੇ ਨਿਸ਼ਕਾਮ ਰਾਗੀ ਜਥੇ ਨੇ, ਆਪਣੇ ਰਸ ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਪੰਦਰਾਂ ਅਪ੍ਰੈਲ, ਸ਼ੁੱਕਰਵਾਰ ਵਾਲੇ ਦਿਨ, ਅੰਮ੍ਰਿਤਵੇਲੇਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ, ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ ਜੋ ਸੰਗਤ ਨੇ ਰਲ਼ ਮਿਲ਼ ਕੇਆਪ ਕੀਤੇ।

ਗੁਰ-ਦੁਆਰਾ ਸਾਹਿਬ ਕਮੇਟੀ ਦੇ ਪ੍ਰਧਾਨ ਸਤਨਾਮ ਸਿੰਘ ਦਬੜੀਖਾਨਾ ਨੇ ਦੱਸਿਆ ਕਿ ਹਫਤਾਵਾਰੀ ਸਮਾਗਮਾਂ ਦੇ ਅਖੀਰਲੇ ਦਿਨ ਭਾਈ ਗੁਰਜੰਟ ਸਿੰਘ ਬੈਕਾਂ ਦੇ ਕਵੀਸ਼ਰੀ ਜਥੇ ਨੇ ਵਾਰਾਂ ਗਾ ਕੇ ਨਿਹਾਲ ਕੀਤਾ। ਸਿਡਨੀ ਤੋਂ ਆਈ ਗੱਤਕਾ ਟੀਮ ਨੇ ਗੱਤਕੇ ਦੇ ਜੌਹਰ ਦਿਖਾਏ। ਕੈਨਬਰਾ ਵਿਚ ਇਹ ਸਭ ਪਹਿਲੀ ਵਾਰ ਹੋ ਰਿਹਾ ਸੀ ਤੇ ਇਹ ਇਕ ਵੱਖਰਾ ਖਾਲਸਾਈ ਜਾਹੋ ਜਲਾਲ ਸੀ। ਸਰਦਾਰ ਦਬੜੀਖਾਨਾ ਨੇ ਪ੍ਰਬੰਧਾਂ ਦੀ ਦੇਖ ਰੇਖ ਨਾਲ ਆਪ ਵੀ ਗੱਤਕੇ ਦੇ ਜੌਹਰ ਦਿਖਾਏ। ਸਾਰੇ ਸਮਾਗਮਾਂ ਸਮੇ ਲੰਗਰ ਦੀ ਸੇਵਾ ਗੁਰਦੁਆਰਾ ਕਮੇਟੀ ਦੇ ਮੀਤ ਪ੍ਰਧਾਨ ਹਰਵਿੰਦਰ ਸਿੰਘ ਰੰਧਾਵਾ ਨੇ ਸੁਚੱਜਤਾ ਸਹਿਤ ਨਿਭਾਈ। ਬਾਹਰੀ ਸਜਾਵਟ ਤੇ ਹੋਰ ਪ੍ਰਬੰਧ ਸੈਕਟਰੀ ਗੁਰਅੰਮ੍ਰਿਤ ਸਿੰਘ ਢਿੱਲੋਂ ਜੀ ਦੀ ਦੇਖ ਰੇਖ ਵਿਚ ਹੋਏ।

ਸਾਰਾ ਸਮਾਗਮ ਤਕਰੀਬਨ ਤਿੰਨ ਹਫਤੇ ਤੱਕ ਚੱਲਿਆ। ਅਖੀਰਲੇ ਹਫਤੇ ਪੰਜ ਪਿਆਰਿਆਂ ਵੱਲੋਂ ਅੰਮ੍ਰਿਤ ਸੰਚਾਰ ਕੀਤਾ ਗਿਆ।21 ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਪੰਜ ਪਿਆਰਿਆਂ ਦੇ ਆਗੂ ਸਿੰਘ ਮੈਲਬਰਨ ਤੋਂ ਆਏ ਭਾਈ ਗੁਰਮੁਖ ਸਿੰਘ ਜੀ ਨੇ ਕਥਾ ਦੁਆਰਾ ਖਾਲਸੇ ਦੇ ਪ੍ਰਗਟ ਹੋਣ ਦੀ ਮਹਾਨਤਾ ਤੇ ਚਾਨਣਾ ਪਾਇਆ। ਜਥੇ ਵੱਲੋਂ ਹੀ ਅੰਮ੍ਰਿਤ ਅਭਿਲਾਖੀਆਂ ਵਾਸਤੇ ਕਕਾਰਾਂ ਦੀ ਸੇਵਾ ਵੀ ਕੀਤੀ ਗਈ।

ਅਖੀਰਲੇ ਦਿਨ ਟਰਬਨ ਅਕੈਡਮੀ ਆਸਟ੍ਰੇਲੀਆ ਦੇ ਸਹਿਯੋਗ ਨਾਲ ਦਸਤਾਰ ਮੁਕਾਬਲੇ ਕਰਵਾਏ ਗਏ ਤੇ ਜੇਤੂ ਬੱਚਿਆਂ ਨੂੰ ਦਸਤਾਰਾਂ ਤੇ ਇਨਾਮ ਤਕਸੀਮ ਕੀਤੇ ਗਏ। ਗੁਰ-ਦੁਆਰਾ ਕਮੇਟੀ ਦੇ ਸੈਕਟਰੀ ਗੁਰਅੰਮ੍ਰਿਤ ਸਿੰਘ ਢਿੱਲੋਂ, ਮੈਂਬਰ ਪ੍ਰਭਜੋਤ ਸਿੰਘ ਸੰਧੂ, ਜਗਜੀਤ ਸਿੰਘ ਜੱਗਾ,ਨੋਬਲਪ੍ਰੀਤ ਸਿੰਘ, ਰਮਨਪ੍ਰੀਤ ਸਿੰਘ ਆਹਲੂਵਾਲੀਆ, ਖਜਾਨਚੀ ਸ. ਮਲਕੀਤ ਸਿੰਘਨੇ ਸੰਗਤਾਂ ਵੱਲੋਂ ਦਿੱਤੇ ਵੱਡੇ ਸਹਿਯੋਗ ਦਾ ਧੰਨਵਾਦ ਕੀਤਾ ਗਿਆ।

ਇਸ ਮਹਾਨ ਸਮਾਗਮ ਦਾ ਸੰਗਤਾਂ ਉਪਰ ਬੜਾ ਉਸਾਰੂ ਪ੍ਰਭਾਵ ਪਿਆ। ਬੱਚਿਆਂ ਨੇ ਬੜਾ ਉਤਸ਼ਾਹ ਪ੍ਰਾਪਤ ਕੀਤਾ।

## ਸੱਸ ਕਰੇ ਪਿਆਰ ਅਤੇ ਨੂੰਹ ਕਰੇ ਸਤਿਕਾਰ

-ਗੁਰਸ਼ਰਨ ਸਿੰਘ ਕੁਮਾਰ

ਆਮ ਤੌਰ ਉੱਤੇ ਸੱਸ ਸ਼ਬਦ ਇੱਕ ਜ਼ਾਲਮ ਅਤੇ ਤਾਨਾਸ਼ਾਹ ਔਰਤ ਵਜੋਂ ਕਿਆਸਿਆ ਜਾਂਦਾ ਹੈ, ਜੋ ਖਾਸ ਕਰ ਕੇ ਆਪਣੀਆਂ ਨੂੰਹਾਂ ਉੱਤੇ ਬਹੁਤ ਪਾਬੰਦੀਆਂ ਲਾਉਂਦੀਆਂ ਅਤੇ ਜ਼ੁਲਮ ਕਰਦੀਆਂ ਹਨ। ਇਸੇ ਲਈ ਕਹਿੰਦੇ ਹਨ, 'ਸੱਸ ਤਾਂ ਮਿੱਟੀ ਦੀ ਵੀ ਮਾਣ ਨਹੀਂ ਹੁੰਦੀ।' ਇਹ ਪੂਰਨ ਸੱਚ ਨਹੀਂ। ਨੂੰਹ-ਸੱਸ ਦਾ ਰਿਸ਼ਤਾ ਮਾਂ-ਧੀ ਦੇ ਰਿਸ਼ਤੇ ਦੀ ਤਰ੍ਹਾਂ ਪਿਆਰ ਭਰਿਆ ਨਿੱਘਾ ਹੋ ਸਕਦਾ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਔਰਤ ਮਮਤਾ ਦੀ ਮੂਰਤ ਹੈ। ਉਹ ਪਹਿਲਾਂ ਮਾਂ ਹੈ, ਜੋ ਸਾਰੇ ਪਰਵਾਰ ਦਾ ਧੁਰਾ ਹੁੰਦੀ ਹੈ। ਪਰਵਾਰ ਦੇ ਸਾਰੇ ਜੀਆਂ ਦਾ ਧਿਆਨ ਰੱਖਣਾ ਤੇ ਪਰਵਾਰ ਦੇ ਅਕਸ ਨੂੰ ਕਾਮਯਾਬੀ ਨਾਲ ਸਮਾਜ ਵਿੱਚ ਅੱਗੇ ਵਧਾਉਣਾ ਉਸ ਦਾ ਮੁੱਢਲਾ ਫਰਜ਼ ਹੈ। ਇਸ ਲਈ ਪਰਵਾਰ ਵਿੱਚ ਕੁਝ ਮਰਿਆਦਾ ਤਾਂ ਕਾਇਮ ਰੱਖਣੀ ਹੀ ਪੈਂਦੀ ਹੈ।ਪਰਵਾਰ ਸਮਾਜ ਦੀ ਮੁੱਢਲੀ ਇਕਾਈ ਹੈ। ਪਰਵਾਰ ਤੋਂ ਅੱਗੋਂ ਸਮਾਜ ਰੂਪੀ ਫ਼ਸਲ ਤਿਆਰ ਹੁੰਦੀ ਹੈ ਅਤੇ ਦੇਸ਼ ਤੇ ਦੁਨੀਆ ਦੇ ਰੂਪ ਵਿੱਚ ਫੈਲਦੀ ਹੈ ਅਤੇ ਧਰਤੀ ਉੱਤੇ ਮਨੁੱਖੀ ਨਸਲ ਦਾ ਪਰਚਾ ਹੁੰਦਾ ਹੈ। ਕਿਹਾ ਜਾ ਸਕਦਾ ਹੈ ਕਿ ਸਮਾਜ ਤੇ ਦੁਨੀਆ ਰੂਪੀ ਨਸਲ ਦੀ ਪਨੀਰੀ ਪਰਵਾਰ ਹੈ। ਇਹ ਪਰਵਾਰ ਰੂਪੀ ਪਨੀਰੀ ਨੂੰ ਬਹੁਤ ਸੁਚੱਜੀ ਸੰਭਾਲ ਦੀ ਲੋੜ ਹੈ ਤਾਂ ਕਿ ਸਾਡੇ ਵਾਰਸ ਵਧੀਆ ਹੋਣ ਅਤੇ ਸਭ ਪਾਸੇ ਸੁੱਖ-ਸੁੰਦਰਤਾ ਅਤੇ ਸੁਗੰਧ ਫੈਲੇ।

ਅੱਗੋਂ ਪਰਵਾਰ ਦੀਆਂ ਦੋ ਕਿਸਮਾਂ ਹੁੰਦੀਆਂ ਹਨ। ਇੱਕ ਹੁੰਦਾ ਹੈ ਇਕਹਿਰਾ ਪਰਵਾਰ, ਜਿਸ ਵਿੱਚ ਕੇਵਲ ਪਤੀ-ਪਤਨੀ ਅਤੇ ਉਨ੍ਹਾਂ ਦੇ ਆਪਣੇ ਬੱਚੇ ਹੁੰਦੇ ਹਨ। ਦੂਜਾ ਹੁੰਦਾ ਹੈ ਸੰਯੁਕਤ ਪਰਵਾਰ, ਜਿਸ ਵਿੱਚ ਪਤੀ-ਪਤਨੀ, ਉਨ੍ਹਾਂ ਦੇ ਬੱਚੇ, ਬੱਚਿਆਂ ਦੇ ਦਾਦਾ-ਦਾਦੀ ਤੇ ਕਈ ਵਾਰੀ ਭੂਆ, ਚਾਚਾ-ਚਾਚੀ, ਤਾਇਆ-ਤਾਈ ਅਤੇ ਉਨ੍ਹਾਂ ਦੇ ਬੱਚੇ ਆਦਿ ਵੀ ਹੋ ਸਕਦੇ ਹਨ। ਸਾਰੇ ਰਲ ਮਿਲ ਕੇ ਰਹਿੰਦੇ ਹਨ ਤੇ ਸਭ ਦੀ ਰੋਟੀ ਇੱਕੋ ਚੁੱਲ੍ਹੇ ਉੱਤੇ ਬਣਦੀ ਹੈ। ਇਸ ਤਰ੍ਹਾਂ ਕੁਦਰਤੀ ਤੌਰ ਉੱਤੇ ਪਰਵਾਰ ਦੇ ਸਾਰੇ ਜੀਆਂ ਦੇ ਆਪਸੀ ਰਿਸ਼ਤੇ ਬਣਦੇ ਹਨ, ਜਿਨ੍ਹਾਂ ਨੂੰ ਬੜੇ ਪਿਆਰ, ਵਿਸ਼ਵਾਸ ਤੇ ਸੁਹਿਰਦਤਾ ਨਾਲ ਨਿਭਾਉਣਾ ਹੁੰਦਾ ਹੈ। ਜੇ ਅਸੀਂ ਇਨ੍ਹਾਂ ਰਿਸ਼ਤਿਆਂ ਨੂੰ ਨਿਭਾਉਣ ਵਿੱਚ ਜ਼ਰਾ ਵੀ ਚੁੱਕ ਜਾਈਏ ਤਾਂ ਆਪਸ ਵਿੱਚ ਕੁੜੱਤਣ ਪੈਦਾ ਹੋ ਜਾਂਦੀ ਹੈ। ਅਜਿਹੇ ਪਰਵਾਰ ਵਿੱਚ ਸਭ ਤੋਂ ਬਜ਼ੁਰਗ ਬੰਦੇ ਦਾ ਬਹੁਤ ਸਤਿਕਾਰ ਹੁੰਦਾ ਹੈ ਅਤੇ ਉਸ ਦਾ ਹੀ ਹੁਕਮ ਚੱਲਦਾ ਹੈ। ਅਜਿਹੇ ਪਰਵਾਰ ਦੀਆਂ ਨੀਹਾਂ ਬਹੁਤ ਮਜ਼ਬੂਤ ਹੁੰਦੀਆਂ ਹਨ ਅਤੇ ਉਹ ਛਾਲਾਂ ਮਾਰਦਾ ਹੋਇਆ ਦਿਨ ਦੂਣੀ ਅਤੇ ਰਾਤ ਚੌਗੁਣੀ ਤਰੱਕੀ ਕਰਦਾ ਹੈ। ਸਮਾਜ ਵਿੱਚ ਵੀ ਅਜਿਹੇ ਪਰਵਾਰ ਦੀ ਮਜ਼ਬੂਤ ਪਕੜ ਹੁੰਦੀ ਹੈ। ਇਸ ਪਰਵਾਰ ਵਿੱਚ ਇੱਕ ਰਿਸ਼ਤਾ ਨੂੰਹ-ਸੱਸ ਦਾ ਹੁੰਦਾ ਹੈ, ਜਿਸ ਦੇ ਸੁਖਾਵੇਂ ਰਹਿਣ ਨਾਲ ਪਰਵਾਰ ਵਿੱਚ ਅਨੁਸ਼ਾਸਨ ਆਉਂਦਾ ਹੈ ਅਤੇ ਪਰਵਾਰ ਨੂੰ ਹੋਰ ਮਜ਼ਬੂਤੀ ਮਿਲਦੀ ਹੈ। ਜੇ ਇਸ ਰਿਸ਼ਤੇ ਵਿੱਚ ਜ਼ਰਾ ਤਰੇੜ ਆ ਜਾਏ ਤਾਂ ਸਾਰਾ ਪਰਵਾਰ ਬਿਖ਼ਰ ਜਾਂਦਾ ਹੈ। ਨੂੰਹ-ਸੱਸ ਦੀ ਅਣਬਣ ਕਰ ਕੇ ਪਰਵਾਰ ਤਮਾਸ਼ਾ ਬਣ ਕੇ ਰਹਿ ਜਾਂਦਾ ਹੈ।

ਜ਼ਮਾਨਾ ਤੇਜ਼ੀ ਨਾਲ ਬਦਲ ਰਿਹਾ ਹੈ। ਜਿਹੜੇ ਕੱਲ੍ਹ ਤੱਕ ਸੁੱਚੇ ਸਿੱਕੇ ਸਨ, ਉਹ ਅੱਜ ਕੱਲ੍ਹ ਖੋਟੇ ਹੋ ਚੁੱਕੇ ਹਨ। ਪਹਿਲੀਆਂ ਚੰਗੀਆਂ ਗੱਲਾਂ ਦੀ ਅੱਜ ਕਦਰ ਨਹੀਂ ਰਹੀ। ਭਲੀਮਾਨਸ ਬਜ਼ੁਰਗ ਔਰਤਾਂ ਹੈਰਾਨ ਹੁੰਦੀਆਂ ਹਨ, ਜਿਵੇਂ ਉਨ੍ਹਾਂ ਨਾਲ ਕੋਈ ਠੱਗੀ ਵੱਜ ਗਈ ਹੋਵੇ। ਜਿਸ ਹੱਸਦੇ ਖੇਡਦੇ ਪਰਵਾਰ ਦੀ ਕਲਪਨਾ ਉਨ੍ਹਾਂ ਕੀਤੀ ਸੀ, ਉਹ ਕਿਧਰੇ ਨਜ਼ਰ ਹੀ ਨਹੀਂ ਆ ਰਿਹਾ। ਜਿਸ ਪਰਵਾਰ ਦੀ ਉਨ੍ਹਾਂ ਪਟਰਾਣੀ ਬਣ ਕੇ ਰਹਿਣਾ ਸੀ ਤੇ ਰਾਜ ਕਰਨਾ ਸੀ, ਉਹ ਸਲਤਨਤ ਤਾਂ ਬਿੱਖਰ ਗਈ। ਉਨ੍ਹਾਂ ਦੀ ਸਰਦਾਰੀ ਖਤਮ ਹੋ ਜਾਂਦੀ ਹੈ ਅਤੇ ਕਦਮ ਕਦਮ ਉੱਤੇ ਉਨ੍ਹਾਂ ਨੂੰ ਬੇਕਦਰੀ ਮਿਲਦੀ ਹੈ। ਉਨ੍ਹਾਂ ਨੂੰ ਕਈ ਤਰ੍ਹਾਂ ਦੇ ਸਮਝੌਤੇ ਕਰ ਕੇ ਬੁਢਾਪਾ ਕੱਟਣਾ ਪੈਂਦਾ ਹੈ। ਜਿਸ ਪਰਵਾਰ ਵਿੱਚ ਉਨ੍ਹਾਂ ਦਾ ਹੁਕਮ ਚੱਲਣਾ ਸੀ, ਉਸ ਪਰਵਾਰ ਵਿੱਚ ਉਨ੍ਹਾਂ ਦੇ ਬੱਚੇ ਹੁਕਮ ਚਲਾਉਂਦੇ ਹਨ। ਪਹਿਲਾਂ ਲੜਕੀਆਂ ਨੂੰ ਵਿਆਹ ਸਮੇਂ ਸਹੁਰੇ ਘਰ ਜਾਣ ਲੱਗਿਆਂ ਸਿੱਖਿਆਂ ਦਿੱਤੀ ਜਾਂਦੀ ਸੀ ਕਿ ਉਥੇ ਜਾ ਕੇ ਸਭ ਨਾਲ ਪਿਆਰ ਨਾਲ ਕਿਵੇਂ ਰਹਿਣਾ ਹੈ, ਅੱਜ ਜ਼ਮਾਨਾ ਬਦਲ ਗਿਆ ਹੈ। ਸੱਸਾਂ ਨੂੰ ਸਿੱਖਿਆ ਦਿੱਤੀ ਜਾਂਦੀ ਹੈ ਕਿ ਨੂੰਹਾਂ ਨਾਲ ਕਿਵੇਂ ਬਣਾ ਕੇ ਰੱਖਣੀ ਹੈ।ਬਜ਼ੁਰਗ ਔਰਤਾਂ ਬੜੇ ਚਾਅ ਨਾਲ ਆਪਣੇ ਪੁੱਤਰ ਦਾ ਵਿਆਹ ਕਰਦੀਆਂ ਹਨ ਅਤੇ ਸ਼ਗਨਾਂ ਨਾਲ ਨੂੰਹ ਨੂੰ ਘਰ ਲੈ ਕੇ ਆਉਂਦੀਆਂ ਹਨ, ਪਰ ਕੁਝ ਸਮੇਂ ਬਾਅਦ ਘਰ ਵਿੱਚ ਕਲੇਸ਼ ਪੈਂਦਾ ਹੋ ਜਾਂਦਾ ਤੇ ਸਾਰਾ ਮੁਹੱਲਾ ਤਮਾਸ਼ਾ ਦੇਖਦਾ ਹੈ। ਗੱਲ ਕੋਰਟ ਕਚਹਿਰੀ ਤੱਕ ਪਹੁੰਚਦੀ ਹੈ। ਇੱਕ ਦੂਜੇ ਉੱਤੇ ਝੂਠੇ ਦੋਸ਼ ਲਾਏ ਜਾਂਦੇ ਹਨ। ਚਰਿੱਤਰਹਰਨ ਹੁੰਦਾ ਹੈ। ਮੁੰਡੇ ਵਾਲੇ ਲਾਲਚੀ ਅਤੇ ਰਾਖਸ਼ ਸਾਬਤ ਕੀਤੇ ਜਾਂਦੇ ਹਨ ਅਤੇ ਲੜਕੀ ਦੇ ਚਾਲ ਚੱਲਣ ਉੱਤੇ ਦੋਸ਼ ਲਾਏ ਜਾਂਦੇ ਹਨ। ਪਰਵਾਰ ਦੀ ਇੱਜ਼ਤ ਮਿੱਟੀ ਵਿੱਚ ਰੁਲ ਜਾਂਦੀ ਹੈ।

ਕਈ ਮਾਵਾਂ, ਧੀਆਂ ਦੇ ਘਰਾਂ ਵਿੱਚ ਜ਼ਿਆਦਾ ਦਖਲ ਦੇਂਦੀਆਂ ਹਨ ਜੋ ਉਥੇ ਕਲੇਸ਼ ਦਾ ਕਾਰਨ ਬਣਦਾ ਹੈ। ਜਿਹੜੀ ਚੰਗਿਆੜੀ ਨੂੰਹ-ਸੱਸ ਦੇ ਝਗੜੇ ਤੋਂ ਸ਼ੁਰੂ ਹੁੰਦੀ ਹੈ, ਉਹ ਇਕਦਮ ਭਾਂਬੜ ਬਣ ਕੇ ਫੈਲਦੀ ਅਤੇ ਦੋਹਾਂ ਪਰਵਾਰਾਂ ਦੀਆਂ ਖ਼ੁਸ਼ੀਆਂ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ। ਨੂੰਹ-ਸੱਸ ਦੇ ਝਗੜੇ ਵਿੱਚ ਲੜਕਾ ਵਿਚਾਰਾ ਦੋ ਪੁੜਾਂ ਵਿੱਚ ਇਕੱਲਾ ਪਿਸਦਾ ਰਹਿੰਦਾ ਹੈ। ਨਾ ਉਹ ਮਾਂ ਨੂੰ ਘਰੋਂ ਕੱਢ ਸਕਦਾ ਹੈ ਅਤੇ ਨਾ ਪਤਨੀ ਛੱਡ ਸਕਦਾ ਹੈ। ਗੱਲ ਵਧ ਜਾਏ ਤਾਂ ਪਵਿੱਤਰ ਰਿਸ਼ਤੇ ਟੁੱਟਦੇ ਹਨ। ਬੱਚੇ ਰੁਲਦੇ ਹਨ। ਸਭ ਸੰਤਾਪ ਭੋਗਦੇ ਹਨ। ਲੋਕ ਟਿੱਚਰਾਂ ਕਰਦੇ ਹਨ।

ਕਈ ਔਰਤਾਂ ਆਪਣੀਆਂ ਧੀਆਂ ਨੂੰ ਨੂੰਹਾਂ ਤੋਂ ਉਚਾ ਦਰਜਾ ਅਤੇ ਜ਼ਿਆਦਾ ਸਨਮਾਨ ਦਿੰਦੀਆਂ ਹਨ। ਉਹ ਨੂੰਹਾਂ ਨੂੰ ਘਟੀਆਂ ਸਮਝਦੀਆਂ ਤੇ ਨੌਕਰਾਂ ਵਾਂਗ ਛੋਟੇ ਛੋਟੇ ਕੰਮਾਂ ਉੱਤੇ ਲਾਈ ਰੱਖਦੀਆਂ ਹਨ। ਇਸ ਤਰ੍ਹਾਂ ਨੂੰਹਾਂ ਦਾ ਅਪਮਾਨ ਹੁੰਦਾ ਹੈ ਤੇ ਉਨ੍ਹਾਂ ਦਾ ਘਰ ਵਿੱਚ ਦਮ ਘੁੱਟਣ ਲੱਗਦਾ ਹੈ। ਇਸੇ ਤਰ੍ਹਾਂ ਕਈ ਨੂੰਹਾਂ ਸੱਸਾਂ ਨੂੰ ਮਾਂ ਬਰਾਬਰ ਨਹੀਂ ਸਮਝਦੀਆਂ ਤੇ ਉਨ੍ਹਾਂ ਨਾਲ ਕੌੜਾ ਬੋਲਦੀਆਂ ਹਨ। ਉਨ੍ਹਾਂ ਤੋਂ ਨੌਕਰਾਣੀਆਂ ਵਾਂਗ ਕੰਮ ਲੈਂਦੀਆਂ ਹਨ। ਗੱਲ ਗੱਲ ਉੱਤੇ ਉਨ੍ਹਾਂ ਦਾ ਅਪਮਾਨ ਕਰਦੀਆਂ ਹਨ ਜਿਵੇਂ ਉਹ ਆਪ ਇਕੱਲੀਆਂ ਘਰ ਦੀਆਂ ਮਾਲਕਣਾਂ ਹੋਣ। ਇੱਥੇ ਨੂੰਹਾਂ ਤੇ ਸੱਸਾਂ ਦੋਹਾਂ ਦਾ ਵਿਹਾਰ ਗ਼ਲਤ ਹੈ। ਰਿਸ਼ਤੇ ਵਿਸ਼ਵਾਸ ਉੱਤੇ ਕਾਇਮ ਰਹਿੰਦੇ ਹਨ। ਇੱਕ ਦੂਜੇ ਉੱਤੇ ਸ਼ੱਕ ਨਹੀਂ ਕਰਨਾ ਚਾਹੀਦਾ। ਸ਼ੱਕ ਨਾਲ ਰਿਸ਼ਤਿਆਂ ਵਿੱਚ ਤਰੇੜ ਪੈ ਜਾਂਦੀ ਹੈ। ਘਰ ਉਜੜ ਜਾਂਦੇ ਹਨ। ਇਸ ਲ ਚੁਗਲਖੋਰਾਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ।

ਸਾਂਝੇ ਪਰਵਾਰ ਦੇ ਬਹੁਤ ਲਾਭ ਹਨ। ਸਾਂਝੇ ਪਰਵਾਰ ਦੀ ਏਕਤਾ ਨੂੰ ਕੋਈ ਭੰਗ ਨਹੀਂ ਕਰ ਸਕਦਾ। ਪਰਵਾਰ ਉੱਤੇ ਕੋਈ ਬਿਪਤਾ ਆ ਪਏ ਤਾਂ ਸਾਰੇ ਰਲ ਕੇ ਉਸ ਨਾਲ ਨਜਿੱਠ ਲੈਂਦੇ ਹਨ। ਖ਼ੁਸ਼ੀ ਦੇ ਮੌਕੇ ਉੱਤੇ ਸਾਂਝੇ ਪਰਵਾਰ ਦੀ ਸ਼ਾਨ ਹੀ ਅਲੱਗ ਹੁੰਦੀ ਹੈ। ਸਾਂਝੇ ਪਰਵਾਰ ਵਿੱਚ ਬੱਚੇ ਰਿਸ਼ਤਿਆਂ ਦੀ ਕਦਰ ਕਰਨਾ ਸਿੱਖਦੇ ਹਨ ਅਤੇ ਉਨ੍ਹਾਂ ਨੂੰ ਚੰਗੇ ਸੰਸਕਾਰ ਮਿਲਦੇ ਹਨ। ਸੱਸ ਦਾ ਰਿਸ਼ਤਾ ਬਹੁਤ ਉਚਾ ਤੇ ਸਨਮਾਨਯੋਗ ਹੁੰਦਾ ਹੈ। ਸੱਸਾਂ ਕੋਲ ਗਿਆਨ ਦਾ ਵਡਮੁੱਲਾ ਭੰਡਾਰਾ ਹੁੰਦਾ ਹੈ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਕਿਸ ਨਾਲ ਕਿਵੇਂ ਵਰਤਣਾ ਹੈ ਤੇ ਪਰਵਾਰ ਕਿਵੇਂ ਇੱਕਮੁੱਠ ਰੱਖਣਾ ਹੈ। ਪੋਤੇ-ਪੋਤੀਆਂ ਨੂੰ ਪਾਲਣ ਅਤੇ ਸੁਚੱਜੇ ਸੰਸਕਾਰ ਦੇਣ ਵਿੱਚ ਉਨ੍ਹਾਂ ਦਾ ਬਹੁਤ ਵੱਡਾ ਹੱਥ ਹੁੰਦਾ ਹੈ। ਉਹ ਪਰਵਾਰ ਦਾ ਥੰਮ੍ਹ ਹੁੰਦੀਆਂ ਹਨ। ਉਹ ਹਰ ਤੂਫ਼ਾਨ ਅੱਗੇ ਡਟ ਜਾਂਦੀਆਂ ਹਨ। ਉਹ ਆਪ ਦੁੱਖ ਸਹਿ ਲੈਂਦੀਆਂ ਹਨ, ਪਰ ਆਪਣੇ ਪਰਵਾਰ ਦੇ ਕਿਸੇ ਜੀਅ ਨੂੰ ਤੱਤੀ ਵਾਅ ਨਹੀਂ ਲੱਗਣ ਦਿੰਦੀਆਂ। ਪਰਵਾਰ ਨੂੰ ਉਨ੍ਹਾਂ ਦਾ ਰੱਬ ਵਰਗਾ ਆਸਰਾ ਹੁੰਦਾ ਹੈ। ਉਸ ਕਾਰਨ ਹੀ ਨੂੰਹਾਂ ਨੂੰ ਪਤੀ ਰੂਪ ਅਨਮੋਲ ਦਾਤ ਮਿਲਦੀ ਹੈ, ਜਿਸ ਨੇ ਦੁੱਖ ਸੁੱਖ ਵਿੱਚ ਉਸਦਾ ਸਾਰੀ ਉਮਰ ਦਾ ਹਮਸਫ਼ਰ ਬਣਨਾ ਹੁੰਦਾ ਹੈ ਅਤੇ ਬੱਚਿਆਂ ਦੇ ਰੂਪ ਵਿੱਚ ਅਨਮੋਲ ਦਾਤ ਮਿਲਣੀ ਹੁੰਦੀ ਹੈ। ਇਸ ਲਈ ਸੱਸ ਨੂੰ ਮਾਂ ਵਾਂਘ ਪੂਰਾ ਸਤਿਕਾਰ ਦੇਣਾ ਚਾਹੀਦਾ ਹੈ। ਇਸ ਰਿਸ਼ਤੇ ਨੂੰ ਕਿਸੇ ਹਾਲਤ ਵਿੱਚ ਨਹੀਂ ਗਵਾਉਣਾ ਚਾਹੀਦਾ। ਚੰਗੀ ਨੂੰਹ ਕੱਲ੍ਹ ਨੂੰ ਚੰਗੀ ਸੱਸ ਬਣ ਸਕਦੀ ਹੈ। ਜੇ ਲੜਕੀਆਂ ਆਪਣੇ ਸੱਸ-ਸਹੁਰੇ ਨੂੰ ਮਾਂ-ਪਿਓ ਵਾਂਗ ਸਮਝਣ ਤਾਂ ਸਾਂਝੇ ਪਰਵਾਰ ਸਵਰਗ ਦਾ ਨਮੂਨਾ ਬਣ ਸਕਦੇ ਹਨ।

ਨੂੰਹ-ਸੱਸ ਦੀ ਖਿਚੋ-ਤਾਣੀ ਨਾ ਕੇਵਲ ਇਕੱਲੀਆਂ ਸੱਸਾਂ ਦਾ ਕਸੂਰ ਹੁੰਦਾ ਹੈ ਤੇ ਨਾ ਨੂੰਹਾਂ ਦਾ। ਤਾੜੀ ਦੋਹਾਂ ਹੱਥਾਂ ਨਾਲ ਵੱਜਦੀ ਹੈ। ਸਾਰੀ ਸਮੱਸਿਆ ਉੱਤੇ ਗੰਭੀਰਤਾ ਨਾਲ ਪੜਚੋਲ ਕਰ ਕੇ ਬਦਲੇ ਹੋਏ ਹਾਲਾਤ ਅਨੁਸਾਰ ਨੂੰਹ-ਸੱਸ ਦੇ ਰਿਸ਼ਤੇ ਨੂੰ ਸੁਖਾਵਾਂ ਮੋੜ ਦੇਣ ਦੀ ਲੋੜ ਹੈ। ਸਭ ਨੂੰ ਬਦਲੇ ਹੋਏ ਹਾਲਾਤ ਅਨੁਸਾਰ ਆਪਣੇ ਆਪ ਨੂੰ ਢਾਲ ਕੇ ਮਾਹੌਲ ਨੂੰ ਸੁਖਾਵਾਂ ਬਣਾਉਣ ਦੀ ਲੋੜ ਹੈ। ਸਭ ਤੋਂ ਪਹਿਲੀ ਗੱਲ ਕਿ ਸਮਾਜ ਅਤੇ ਪਰਵਾਰ ਵਿੱਚ ਔਰਤ ਦਾ ਦਰਜਾ ਪਹਿਲਾਂ ਵਾਲਾ ਨਹੀਂ ਰਿਹਾ। ਆਪਣੀ ਇਸ ਹੋਂਦ ਨੂੰ ਬਰਕਾਰ ਰੱਖਣ ਲਈ ਉਸ ਨੂੰ ਬਹੁਤ ਸੰਘਰਸ਼ ਕਰਨਾ ਪੈ ਰਿਹਾ ਹੈ। ਉਸ ਨੂੰ ਦਫ਼ਤਰ ਅਤੇ ਘਰ ਦਾ ਦੂਹਰਾ ਕੰਮ ਕਰਨਾ ਪੈ ਰਿਹਾ ਹੈ। ਉਹ ਸਰੀਰਕ ਅਤੇ ਮਾਨਸਿਕ ਤੌਰ ਉੱਤੇ ਬਹੁਤ ਥੱਕ ਜਾਂਦੀ ਹੈ। ਜਿਸ ਕਾਰਨ ਉਸ ਨੂੰ ਘਰੇਲੂ ਕੰਮਕਾਰ ਵਿੱਚ ਪਤੀ ਜਾਂ ਸੱਸ ਦੇ ਸਹਿਯੋਗ ਦੀ ਲੋੜ ਹੈ। ਇਸ ਸੱਚਾਈ ਨੂੰ ਮੰਨਣ ਚਾਹੀਦਾ ਹੈ ਅਤੇ ਨੂੰਹਾਂ ਤੋਂ ਆਪਣਾ ਦਬਦਬਾ ਘਟਾਉਣਾ ਚਾਹੀਦਾ ਹੈ। ਘਰ ਦੇ ਸਾਰੇ ਜੀਆਂ ਨੂੰ ਹਮੇਸ਼ਾਂ ਦੂਜੇ ਪ੍ਰਤੀ ਚੰਗੀ ਭਾਵਨਾ ਅਤੇ ਜ਼ੁਬਾਨ ਵਿੱਚ ਮਿਠਾਸ ਰੱਖਣੀ ਚਾਹੀਦੀ ਹੈ। ਸਾਂਝੇ ਪਰਵਾਰ ਸਮਾਜ ਦੇ ਮਜ਼ਬੂਤ ਥੰਮ੍ਹ ਹਨ। ਜੇ ਨੂੰਹਾਂ ਤੇ ਸੱਸਾਂ ਪਿਆਰ ਨਾਲ ਰਲ ਬੈਠਣ ਤਾਂ ਸਾਂਝੇ ਪਰਵਾਰਾਂ ਨੂੰ ਟੁੱਟਣ ਤੋਂ ਕਾਫ਼ੀ ਹੱਦ ਤੱਕ ਬਚਾ ਸਕਦੀਆਂ ਹਨ। ਅੱਜਕੱਲ੍ਹ ਲੜਕੀਆਂ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਇੱਕ ਦਿਨ ਉਨ੍ਹਾਂ ਨੇ ਵੀ ਸੱਸ ਬਣਨਾ ਹੈ ਅਤੇ ਉਨ੍ਹਾਂ ਨੂੰ ਵੀ ਆਪਣੇ ਪਰਵਾਰ ਵਿੱਚ ਸੁਚੱਜੀ ਮਰਿਆਦਾ ਕਾਇਮ ਰੱਖਣੀ ਪੈਣੀ ਹੈ। ਨੂੰਹ-ਸੱਸ ਦੇ ਰਿਸ਼ਤੇ ਨੂੰ ਪਿਆਰ ਅਤੇ ਵਿਸ਼ਵਾਸ ਨਾਲ ਸੋਹਣੀ ਤਰ੍ਹਾਂ ਨਿਭਾਇਆ ਜਾ ਸਕਦਾ ਹੈ। ਇਹ ਰਿਸ਼ਤਾ ਕਦੀ ਕੁਦਰਤੀ ਮੌਤ ਨਹੀਂ ਮਰਦਾ। ਇਸ ਦਾ ਹਮੇਸ਼ਾ ਕਤਲ ਹੁੰਦਾ ਹੈ, ਕਦੀ ਗ਼ਲਤ ਸੋਚ ਨਾਲ, ਕਦੀ ਰੁੱਖੇ ਸੁਭਾਅ ਨਾਲ ਅਤੇ ਕਦੀ ਹੰਕਾਰ ਨਾਲ ਅਤੇ ਕਦੀ ਮਤਲਬਪ੍ਰਸਤੀ ਤੇ ਹੰਕਾਰ ਨਾਲ।

ਨੂੰਹ-ਸੱਸ ਦੇ ਰਿਸ਼ਤੇ ਦਾ ਸਤਿਕਾਰ ਕਰੋ। ਫਿਰ ਦੇਖੋ ਤੁਹਾਡੀ ਜ਼ਿੰਦਗੀ ਕਿੰਨੀ ਸ਼ਾਂਤਮਈ ਹੁੰਦੀ ਹੈ। ਆਪਣੇ ਸੁੱਖ ਦੀ ਸਿਰਜਣਾ ਆਪ ਕਰਨੀ ਹੁੰਦੀ ਹੈ। ਜੋ ਖੁਦ ਨੂੰ ਬਦਲਣ ਲਈ ਤਿਆਰ ਹੁੰਦੇ ਹਨ, ਉਨ੍ਹਾਂ ਦੀ ਜ਼ਿੰਦਗੀ ਸਦਾ ਸੁਖੀ ਅਤੇ ਕਾਮਯਾਬ ਹੁੰਦੀ ਹੈ। ਪਰਵਾਰ ਦੀ ਬਜ਼ੁਰਗ ਔਰਤ (ਸੱਸ) ਇੱਕ ਧਾਗੇ ਦੀ ਤਰ੍ਹਾਂ ਹੁੰਦੀ ਹੈ ਜੋ ਸਾਰੇ ਮਣਕਿਆਂ (ਜੀਆਂ) ਨੂੰ ਇੱਕ ਮਾਲਾ ਵਾਂਗ ਪਰੋ ਕੇ ਰੱਖਦੀ ਹੈ। ਜੇ ਉਹ ਧਾਗਾ ਟੁੱਟ ਜਾਏ ਤਾਂ ਮਣਕੇ ਬਿਖ਼ਰ ਜਾਂਦੇ ਹਨ। ਯਾਦ ਰੱਖੋ ਅਮੀਰ ਉਹ ਨਹੀਂ ਹੁੰਦੇ ਜਿੱਥੇ ਸੋਨੇ ਚਾਂਦੀ ਦੇ ਢੇਰ ਹੋਣ। ਅਮੀਰ ਉਹ ਹੁੰਦੇ ਹਨ ਜਿੱਥੇ ਨੂੰਹਾਂ, ਧੀਆਂ ਅਤੇ ਸੱਸਾਂ ਖ਼ੁਸ਼ ਹੋਣ। ਕਾਮਯਾਬ ਸੰਯੁਕਤ ਪਰਵਾਰ ਲਈ ਦੋਹਾਂ ਨੂੰ ਸਿਆਣਪ ਤੋਂ ਕੰਮ ਲੈਣ ਦੀ ਲੋੜ ਹੈ ਤਾਂ ਕਿ ਘਰ ਵਿੱਚ ਸ਼ਾਂਤੀ ਬਣੀ ਰਹੇ ਅਤੇ ਬੱਚਿਆਂ ਨੂੰ ਚੰਗੇ ਸੰਸਕਾਰ ਮਿਲਦੇ ਰਹਿਣ ਅਤੇ ਗੁਲਜ਼ਾਰ ਖਿੜਿਆ ਰਹੇ।

# 12ਵੀਂ ਦੇ ਜਮਾਤ ਦੇ ਪੰਜਾਬ ਦੇ ਇਤਿਹਾਸ ਦੀਆਂ ਤਿੰਨ ਕਿਤਾਬਾਂ ਵੇਚਣ ਉਤੇ ਪਾਬੰਦੀ ਲਾਈ ਗਈ

* ਕਿਤਾਬਾਂ ਨੂੰ 2017 ਤਕ ਨੋਟੀਫਾਈ ਕਰਨ ਦਾ ਮਾਮਲਾ ਵਿਗੜਿਆ
* ਬੋਰਡ ਸਟਾਫ ਤੇ ਅਫਸਰਾਂ ਦੀ ਜ਼ਿੰਮੇਵਾਰੀ ਤੈਅ ਕਰਨ ਦੇ ਹੁਕਮ

ਐਸ ਏ ਐਸ ਨਗਰ, 1 ਮਈ (ਪੋਸਟ ਬਿਊਰੋ)- ਸਿੱਖ ਆਗੂ ਬਲਦੇਵ ਸਿੰਘ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ 12ਵੀਂ ਕਲਾਸ ਦੇ 'ਪੰਜਾਬ ਦਾ ਇਤਿਹਾਸ' ਵਿਸ਼ੇ ਬਾਰੇ ਪ੍ਰਾਈਵੇਟ ਪ੍ਰਕਾਸ਼ਕਾਂ ਦੀਆਂ ਪੁਸਤਕਾਂ ਵਿੱਚ ਸਿੱਖੀ ਭਾਵਨਾਵਾਂ ਨੂੰ ਠੇਸ ਪੁਚਾਉਣ ਬਾਰੇ ਟਿੱਪਣੀਆਂ ਅਤੇ ਸ਼ਿਕਾਇਤਾਂ ਬਾਰੇਜਾਂਚ ਅਫਸਰ ਦੀ ਰਿਪੋਰਟ ਉੱਤੇ ਕਾਰਵਾਈ ਕਰਦਿਆਂਪੰਜਾਬ ਸਰਕਾਰ ਨੇ 12ਵੀਂ ਕਲਾਸ ਦੇ ਪੰਜਾਬ ਦਾ ਇਤਿਹਾਸ ਦੀਆਂ ਪ੍ਰਾਈਵੇਟ ਪ੍ਰਕਾਸ਼ਕਾਂ ਦੀਆਂ ਵਿਵਾਦਤ ਤਿੰਨ ਪੁਸਤਕਾਂ ਦੀ ਵਿਕਰੀ ਉੱਤੇ ਪਾਬੰਦੀ ਲਾਉਣ ਅਤੇ ਇਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਪੰਜਾਬ ਦੇ ਸਕੂਲਾਂ ਵਿੱਚ ਨਾ ਪੜ੍ਹਾਉਣ ਦਾ ਫੈਸਲਾ ਕੀਤਾ ਹੈ, ਜਦ ਕਿ 12ਵੀਂ ਕਲਾਸ ਦੇ ਇਸੇ ਵਿਸ਼ੇ ਦੀਆਂ ਕੁਝ ਹੋਰ ਪ੍ਰਾਈਵੇਟ ਪ੍ਰਕਾਸ਼ਕਾਂ ਦੀਆਂ ਪੁਸਤਕਾਂ ਦੀ ਜਾਂਚ ਰਿਪੋਰਟ ਮਿਲਣ ਉੱਤੇ ਉਨ੍ਹਾਂ ਖਿਲਾਫ ਵੀ ਲੋੜੀਂਦੀ ਕਾਰਵਾਈ ਕਰਨ ਦੀ ਗੱਲ ਕਹੀ ਗਈ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਪ੍ਰੋਫੈਸਰ ਯੋਗਰਾਜ ਸਿੰਘ ਨੇ ਦੱਸਿਆ ਹੈ ਕਿ ਸਿੱਖ ਆਗੂ ਬਲਦੇਵ ਸਿੰਘ ਸਿਰਸਾ ਵੱਲੋਂ ਬੋਰਡ ਕੋਲ ਕੀਤੀਆਂ ਸ਼ਿਕਾਇਤਾਂ ਅਨੁਸਾਰ ਇਹ ਪੁਸਤਕਾਂ ਸਾਲ 2007 ਤੋਂ 2017 ਤਕ ਲਾਗੂ ਸਨ ਅਤੇ ਬੋਰਡ ਨੇ ਵੱਖ-ਵੱਖ ਸਮੇਂ ਨੋਟੀਫਾਈ ਕੀਤੀਆਂ ਸਨ। ਉਨ੍ਹਾਂ ਦੱਸਿਆ ਕਿ ਇਸ ਦੀ ਜਾਂਚ ਈ ਪੀ ਐਸ ਮਲਹੋਤਰਾ ਨੂੰ ਸੌਂਪੀ ਗਈ ਸੀ, ਜਿਸ ਹੇਠ ਤਿੰਨ ਲੇਖਕਾਂ ਅਤੇ ਪ੍ਰਕਾਸ਼ਕਾਂ, ਜਿਨ੍ਹਾਂ ਵਿੱਚ ਡਾਕਟਰ ਮਨਜੀਤ ਸਿੰਘ ਸੋਢੀ (ਲੇਖਕ) ਪੁਸਤਕ 'ਮਾਡਰਨ ਏ ਬੀ ਸੀ ਆਫ ਹਿਸਟਰੀ ਆਫ ਪੰਜਾਬ' ਮਾਡਰਨ ਪਬਲਿਸਰਜ਼ ਜਲੰਧਰ, ਡਾ: ਮਹਿੰਦਰਪਾਲ ਕੌਰ (ਲੇਖਕਾ) ਪੁਸਤਕ 'ਹਿਸਟਰੀ ਆਫ ਪੰਜਾਬ' ਮਲਹੋਤਰਾ ਬੁੱਕ ਡਿਪੂ ਜਲੰਧਰ, ਐਮ ਐਸ ਮਾਨ (ਲੇਖਕ) ਪੁਸਤਕ 'ਪੰਜਾਬ ਦਾ ਇਤਿਹਾਸ' ਰਾਜ ਪਬਲਿਸ਼ਰਜ਼ ਜਲੰਧਰ ਇਸ ਵਿੱਚ ਸ਼ਾਮਲ ਹੋ ਗਏ ਸਨ। ਜਾਂਚ ਅਫਸਰ ਦੀਆਂ ਤਿੰਨ ਰਿਪੋਰਟਾਂ ਮੁਤਾਬਕ ਉਨ੍ਹਾਂ ਵੱਲੋਂ ਮਾਮਲਾ ਸਿੱਖਿਆ ਵਿਭਾਗ ਪੰਜਾਬ ਸਰਕਾਰ ਨੂੰ ਭੇਜਿਆ ਤਾਂ ਸਿੱਖਿਆ ਵਿਭਾਗ ਨੇ ਮੁੱਖ ਤੌਰ ਉੱਤੇ ਸ਼ਿਕਾਇਤਾਂ ਦੀ ਸਮੱਗਰੀ ਅਤੇ ਜਾਂਚ ਰਿਪੋਰਟ ਦੇ ਨਾਲ ਸਿਧਾਂਤਕ ਤੌਰ ਉੱਤੇ ਸਹਿਮਤੀ ਪ੍ਰਗਟਾਈ ਸੀ। ਇਸ ਪਿੱਛੋਂ ਪੰਜਾਬ ਸਰਕਾਰ ਨੇ ਫੈਸਲਾ ਲਿਆ ਹੈ ਕਿ ਇਨ੍ਹਾਂ ਪੁਸਤਕਾਂ ਦੀ ਵਿਕਰੀ ਉੱਤੇ ਤੁਰੰਤ ਰੋਕ ਲਾਈ ਜਾਵੇ ਅਤੇ ਇਹ ਪੁਸਤਕਾਂ ਕਿਸੇ ਵੀ ਰੂਪ ਵਿੱਚ ਪੰਜਾਬ ਰਾਜ ਦੇ ਸਕੂਲਾਂ ਵਿੱਚ ਨਾ ਪੜ੍ਹਾਈਆਂ ਜਾਣ। ਜਾਂਚ ਰਿਪੋਰਟ ਦੇ ਆਧਾਰ ਉੱਤੇ ਸਰਕਾਰ ਨੇ ਇਸ ਬਾਰੇ ਕੁਝ ਹੋਰ ਹੁਕਮ ਬੋਰਡ ਨੂੰ ਜਾਰੀ ਕੀਤੇ ਹਨ, ਜਿਸ ਤਹਿਤ ਇਨ੍ਹਾਂ ਕਿਤਾਬਾਂ ਨੂੰ ਸਾਲ 2017 ਤਕ ਨੋਟੀਫਾਈ ਕਰਨ ਸਮੇਂ ਕੰਮ ਕਰਦੇ ਬੋਰਡ ਕਰਮਚਾਰੀਆਂ, ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇਗੀ।

ਪ੍ਰੋਫੈਸਰ ਯੋਗਰਾਜ ਸਿੰਘ ਨੇ ਕਿਹਾ ਕਿ ਇਸ ਪਿੱਛੋਂ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਸਾਰੀਆਂ ਨੋਟੀਫਿਕੇਸ਼ਨਾਂ, ਜੋ ਸਮੇਂ-ਸਮੇਂ ਸਿਰ ਇਨ੍ਹਾਂ ਕਿਤਾਬਾਂ ਬਾਰੇ ਜਾਰੀ ਹੋਈਆਂ ਸਨ, ਨੂੰ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਡਾਕਟਰ ਏ ਸੀ ਅਰੋੜਾ ਵੱਲੋਂ ਲਿਖਤ 'ਪੰਜਾਬ ਦਾ ਇਤਿਹਾਸ' ਨਾਂਅ ਦੀ ਪੁਸਤਕ,ਜਿਹੜੀ ਮੈਸਰਜ਼ ਪ੍ਰਦੀਪ ਪਬਲੀਕੇਸ਼ਨ ਜਲੰਧਰ ਨੇ ਛਾਪੀ ਹੈ ਅਤੇ ਅਜੇ ਵੀ ਆਪਣੇ ਪੱਧਰ ਤੇ ਬੋਰਡ ਦੀ ਪ੍ਰਵਾਨਗੀ, ਨੋਟੀਫਿਕੇਸ਼ਨ ਤੋਂ ਬਿਨਾਂ ਵੇਚੀ ਜਾਣ ਬਾਰੇ ਵੀ ਜਾਂਚ ਕੀਤੀ ਜਾ ਰਹੀ ਹੈ। ਇਸ ਦੇ ਨਾਲ ਤਿੰਨ ਹੋਰ ਪੁਸਤਕਾਂ, ਜਿਨ੍ਹਾਂ ਵਿਚਲੀ ਪਾਠ-ਸਮੱਗਰੀ ਇਨ੍ਹਾਂ ਪੁਸਤਕਾਂ ਨਾਲ ਮਿਲਦੀਹੈ, ਨੂੰ ਵੀ ਇਸ ਜਾਂਚ ਦਾ ਹਿੱਸਾ ਬਣਾਇਆ ਹੈ। ਬੋਰਡ ਚੇਅਰਮੈਨ ਨੇ ਸਾਫ ਕਿਹਾ ਕਿ ਇਸ ਜਾਂਚ ਰਿਪੋਰਟ ਦੇ ਮਿਲਣ ਉੱਤੇ ਇਸ ਬਾਰੇ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜਾਂਚ ਰਿਪੋਰਟ ਦੇ ਹੋਰਨਾਂ ਪਹਿਲੂਆਂ ਬਾਰੇ ਵੀ ਸਰਕਾਰੀ ਪੱਧਰ ਉੱਤੇ ਕਾਰਵਾਈ ਚੱਲ ਰਹੀ ਹੈ।

# ਝੋਨੇ ਦੀ ਸਿੱਧੀ ਬਿਜਾਈ ਲਈ ਪੰਜਾਬ ਦੀ ਭਗਵੰਤ ਮਾਨ ਸਰਕਾਰ ਪ੍ਰਤੀ ਏਕੜ 1500 ਰੁਪਏ ਦੇਵੇਗੀ

ਚੰਡੀਗੜ੍ਹ, 1 ਮਈ (ਪੋਸਟ ਬਿਊਰੋ)- ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੇ ਤੇਜ਼ੀ ਨਾਲ ਡਿੱਗਦੇ ਪੱਧਰ ਨੂੰ ਰੋਕਣ ਲਈ ਮੁੱਖ ਮੰਤਰੀ ਭਗਵੰਤ ਮਾਨ ਨੇ ਮੌਜੂਦਾ ਸਾਉਣੀ ਸੀਜ਼ਨ ਦੌਰਾਨ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਪ੍ਰਤੀ ਏਕੜ 1500 ਰੁਪਏ ਦੀ ਮਦਦ ਦੇਣ ਦਾ ਐਲਾਨ ਕੀਤਾ ਹੈ।



ਇੱਕ ਵੀਡੀਓ ਸੰਦੇਸ਼ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨਾਂ ਨੂੰ ਇਸ ਸੀਜ਼ਨ ਵਿੱਚਰਿਵਾਇਤੀ ਢੰਗ ਨਾਲ ਝੋਨਾ ਬੀਜਣ ਦੀ ਥਾਂ ਵੱਧ ਤੋਂ ਵੱਧ ਰਕਬਾ ਸਿੱਧੀ ਬਿਜਾਈ ਹੇਠ ਲਿਆਉਣ ਦਾ ਸੱਦਾ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਨਾ ਸਿਰਫ 1500 ਰੁਪਏ ਪ੍ਰਤੀ ਏਕੜ ਦੀ ਨਕਦ ਮਦਦ ਦੇਵੇਗੀ, ਸਗੋਂ ਖੇਤੀਬਾੜੀ ਵਿਭਾਗ ਇਸ ਤਕਨੀਕ ਨੂੰ ਅਪਣਾਉਣ ਵਿੱਚ ਕਿਸਾਨਾਂ ਨੂੰ ਲੋੜੀਂਦੀ ਮਦਦ ਦੇਵੇਗਾ। ਉਨ੍ਹਾਂ ਕਿਹਾ ਕਿ ਰਵਾਇਤੀ ਢੰਗ ਨਾਲ ਝੋਨੇ ਦੀ ਲੁਆਈ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਥੱਲੇ ਜਾ ਚੁੱਕਾ ਹੈ ਅਤੇ ਸਥਿਤੀ ਏਨੀ ਗੰਭੀਰ ਹੈ ਕਿ ਕਈ ਜ਼ਿਲ੍ਹੇ ਰੈਡ ਜ਼ੋਨ ਵਿੱਚ ਆ ਚੁੱਕੇ ਹਨ। ਖੇਤੀ ਵਿਗਿਆਨੀਆਂ ਦੀਆਂ ਨਵੀਆਂ ਖੋਜਾਂ ਦੇ ਹਵਾਲੇ ਨਾਲ ਮਾਨ ਨੇ ਕਿਹਾ ਕਿ ਸਿੱਧੀ ਬਿਜਾਈ ਨਾਲ ਝੋਨੇ ਦੇ ਝਾੜ ਉੱਤੇ ਕੋਈ ਅਸਰ ਨਹੀਂ ਪੈਂਦਾ, ਸਗੋਂ ਉਸ ਤੋਂ ਬਾਅਦ ਉਸੇ ਖੇਤ ਵਿੱਚ ਬੀਜੀ ਗਈ ਕਣਕ ਜਾਂ ਹੋਰ ਫਸਲ ਦਾ ਝਾੜ ਵੱਧ ਨਿਕਲਦਾ ਹੈ।ਮੁੱਖ ਮੰਤਰੀ ਵੱਲੋਂ ਸਿੱਧੀ ਬਿਜਾਈ ਰਾਹੀਂ ਝੋਨਾ ਲਾਉਣ ਵਾਲੇ ਕਿਸਾਨਾਂ ਨੂੰ 1500 ਰੁਪਏ ਏਕੜ ਮਦਦ ਦੇਣ ਦੇ ਐਲਾਨ ਦਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਵਾਗਤ ਕੀਤਾ ਹੈ।

# ਮੋਟਰ ਸਾਈਕਲ ਰੇਹੜੀ ਤੇ ਪਿਕਅਪ ਦੀ ਟੱਕਰ, 3 ਮੌਤਾਂ

ਤਲਵੰਡੀ ਸਾਬੋ, 1 ਮਈ (ਪੋਸਟ ਬਿਊਰੋ)- ਪਿੰਡ ਜੱਗਾ ਰਾਮ ਤੀਰਥ ਕਲਾਂ ਵਿੱਚ ਵਾਪਰੇ ਸੜਕ ਹਾਦਸੇ ਦੌਰਾਨ ਮਨਰੇਗਾ ਮਜ਼ਦੂਰਾਂ ਨੂੰ ਕੰਮ ਉੱਤੇ ਲੈ ਕੇ ਜਾਂਦੀ ਮੋਟਰ ਸਾਈਕਲ ਰੇਹੜੀ ਦੀ ਪਿਕਅਪ ਗੱਡੀ ਨਾਲ ਟੱਕਰ ਕਾਰਨ ਸਹੁਰੇ ਅਤੇ ਨੂੰਹ ਸਮੇਤ ਤਿੰਨ ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਚਾਰ ਜਣੇ ਜ਼ਖਮੀ ਹੋ ਗਏ।

ਪਿੰਡ ਦੇ ਸਰਪੰਚ ਅਨੁਸਾਰ ਰੋਜ਼ ਵਾਂਗ ਬੱਗੜ ਸਿੰਘ ਆਪਣੀ ਮੋਟਰ ਸਾਈਕਲ ਰੇਹੜੀ ਉੱਤੇਮਨਰੇਗਾ ਮਜ਼ਦੂਰਾਂ ਨੂੰ ਲੈ ਕੇ ਕੰਮ ਉੱਤੇ ਜਾਣ ਲਈ ਜੰਬਰ ਬਸਤੀ ਰੋਡ ਨੂੰ ਚੱਲਿਆਤਾਂ ਜਦੋਂ ਸਰਦੂਲਗੜ੍ਹ ਰੋਡ ਉੱਤੇ ਚੜ੍ਹਨ ਲੱਗਾ ਤਾਂ ਉਸ ਦੀ ਪਿਕਅਪ ਗੱਡੀ ਨਾਲ ਟੱਕਰ ਹੋ ਗਈ, ਜਿਸ ਦੌਰਾਨ ਮੌਕੇ ਉੱਤੇ ਰੇਹੜੀ ਚਾਲਕ ਬੱਗੜ ਸਿੰਘ ਦੀ ਨੂੰਹ ਰਾਣੀ ਕੌਰ ਪਤਨੀ ਲਛਮਣ ਸਿੰਘ ਦੀ ਮੌਤ ਹੋ ਗਈ। ਬਾਕੀ ਛੇ ਜ਼ਖਮੀਆਂ ਨੂੰ ਲੋਕਾਂ ਦੀ ਸਹਾਇਤਾ ਨਾਲ ਐਂਬੂਲੈਂਸਾਂ ਰਾਹੀਂ ਸਿਵਲ ਹਸਪਤਾਲ ਤਲਵੰਡੀ ਸਾਬੋ ਪਹੁੰਚਾਇਆ, ਜਿੱਥੇ ਇਲਾਜ ਦੌਰਾਨ ਬੱਗੜ ਸਿੰਘ ਅਤੇ ਪਰਮਜੀਤ ਕੌਰ ਪਤਨੀ ਸੁਖਮੰਦਰ ਸਿੰਘ ਦਮ ਤੋੜ ਗਏ। ਜ਼ਖਮੀਆਂ ਵਿੱਚੋਂ ਅਜੈਬ ਸਿੰਘ ਦੀ ਹਾਲਤ ਗੰਭੀਰ ਹੋਣ ਕਰ ਕੇ ਉਸ ਨੂੰ ਫਰੀਦਕੋਟ ਰੈਫਰ ਕਰ ਦਿੱਤਾ ਗਿਆ। ਮ੍ਰਿਤਕ ਰਾਣੀ ਕੌਰ ਦੀਆਂ ਚਾਰ ਲੜਕੀਆਂ ਹਨ ਤੇ ਪਰਵਾਰ ਦੀ ਆਰਥਿਕ ਹਾਲਤ ਅਤਿ ਮੰਦੀ ਹੈ।

# ਐਨ ਆਰ ਆਈ ਤਾਏ ਦੀ ਪ੍ਰਾਪਰਟੀ ਉੱਤੇ ਕਬਜ਼ਾ ਕਰਨ ਵਾਲੇ ਭਤੀਜੇ ਦੇ ਖਿਲਾਫ ਕੇਸ ਦਰਜ

ਜਲੰਧਰ, 1 ਮਈ (ਪੋਸਟ ਬਿਊਰੋ)- ਐਨ ਆਰ ਆਈ ਤਾਏ ਦੀਆਂ ਦੋ-ਦੋ ਪ੍ਰਾਪਰਟੀਆਂ ਉੱਤੇ ਕਬਜ਼ਾ ਕਰ ਕੇ ਵਿਦੇਸ਼ ਵਿੱਚ ਫੋਨ ਉੱਤੇ ਧਮਕੀਆਂ ਦੇਣ ਵਾਲੇ ਭਤੀਜੇ ਉੱਤੇ ਥਾਣਾ ਨੰਬਰ ਇੱਕ ਦੀ ਪੁਲਸ ਨੇ ਕੇਸ ਦਰਜ ਕੀਤਾ ਹੈ।

ਕੇਅਰ ਟੇਕਰ ਨਰਿੰਦਰ ਚੌਧਰੀ ਵਾਸੀ ਸੈਕਟਰ 48 ਚੰਡੀਗੜ੍ਹ ਨੇ ਦੱਸਿਆ ਕਿ ਕੈਨੇਡਾ ਵੱਸਦੇ ਦਰਬਾਰਾ ਸਿੰਘ ਵਾਸੀ ਸਲੇਮਪੁਰ-ਮੁਸਲਮਾਨਾਂ ਨੇ ਆਪਣੀ ਪ੍ਰਾਪਰਟੀ ਉੱਤੇ ਕਾਨੂੰਨੀ ਕਾਰਵਾਈ ਲਈ ਪਾਵਰ ਆਫ ਅਟਾਰਨੀ ਦਿੱਤੀ ਹੋਈ ਹੈ। ਉਨ੍ਹਾਂ ਕਿਹਾ ਕਿ ਦਰਬਾਰਾ ਸਿੰਘ ਦੇ ਚਾਰ ਭਰਾਵਾਂ ਸੂਰਜ ਸਿੰਘ, ਕਪੂਰ ਸਿੰਘ, ਜੀਤ ਸਿੰਘ ਅਤੇ ਬਲਦੇਵ ਸਿੰਘ ਦੀ 59 ਕਨਾਲ ਸੱਤ ਮਰਲੇ ਜ਼ਮੀਨ ਵੰਡੀ ਹੋਈ ਸੀ। ਇਨ੍ਹਾਂ ਵਿੱਚੋਂ ਜੀਤ ਸਿੰਘ ਦੀ ਮੌਤ ਹੋ ਗਈ ਹੈ, ਬਲਦੇਵ ਸਿੰਘ ਵਿਦੇਸ਼ ਵਿੱਚ ਹੈ। ਜੀਤ ਸਿੰਘ ਦਾ ਇੱਕ ਬੇਟਾ ਅਰਵਿੰਦਰ ਸਿੰਘ ਵਾਸੀ ਸਲੇਮ-ਪੁਰ-ਮੁਸਲਮਾਨਾਂ ਹੈ,ਬੇਟੀ ਵਿਦੇਸ਼ ਵਿੱਚ ਰਹਿੰਦੀ ਹੈ।ਨਰਿੰਦਰ ਚੌਧਰੀ ਨੇ ਦਸਿਆ ਕਿ 59 ਕਨਾਲ ਸੱਤ ਮਰਲੇ ਵਿੱਚੋਂ 25 ਕਨਾਲ 13 ਮਰਲੇ ਜਗ੍ਹਾਂ ਸੂਰਜ ਸਿੰਘ, ਜੀਤ ਸਿੰਘ ਤੇ ਕਪੂਰ ਸਿੰਘ ਦੇ ਨਾਂਅ ਸੀ, ਜਿਹੜੀ ਉਹ ਵੇਚ ਚੁੱਕੇ ਹਨ। ਇਨ੍ਹਾਂ ਵਿੱਚੋਂ 31 ਕਨਾਲ 13 ਮਰਲੇ ਜਗ੍ਹਾ ਦਰਬਾਰਾ ਸਿੰਘ ਕੋਲ ਸੀ, ਜਿਸ ਵਿੱਚ ਬਲਦੇਵ ਸਿੰਘ ਤੇ ਉਸ ਦੀ ਮਾਤਾ ਕਰਤਾਰ ਕੌਰ ਦਾ ਹਿੱਸਾ ਸੀ। ਕਰਤਾਰ ਕੌਰ ਦੀ 2017 ਵਿੱਚ ਮੌਤ ਹੋਣ ਤੋਂ ਬਾਅਦ ਉਨ੍ਹਾਂ ਦੇ ਹਿੱਸੇ ਦੀ ਜ਼ਮੀਨ ਵੀ ਭਰਾਵਾਂ ਵਿੱਚ ਵੰਡੀ ਗਈ ਸੀ।ਦਰਬਾਰਾ ਸਿੰਘ 2016 ਵਿੱਚ ਜਦੋਂ ਵਿਦੇਸ਼ ਵਿੱਚ ਸੀ ਤਾਂ ਜੀਤ ਸਿੰਘ ਨੂੰ ਉਨ੍ਹਾਂ 11 ਕਨਾਲ ਚਾਰ ਮਰਲੇ ਦਾ ਕੇਅਰ ਟੇਕਰ ਬਣਾ ਦਿੱਤਾ ਸੀ। ਜੀਤ ਸਿੰਘ ਨੇ ਫੋਨ ਕਰ ਕੇ ਦਰਬਾਰਾ ਸਿੰਘ ਨੂੰ ਉਸ ਦੀ ਜਗ੍ਹਾ ਵਿੱਚ ਕੋਠੀ ਬਣਾਉਣ ਲਈ ਦੋ ਕਨਾਲ ਤਿੰਨ ਮਰਲੇ ਜ਼ਮੀਨ ਦੇਣ ਨੂੰ ਕਿਹਾ ਤਾਂ ਉਸ ਨੇ ਜੀਤ ਸਿੰਘ ਨੂੰ ਹਾਮੀ ਭਰ ਦਿੱਤੀ। ਉਸ ਥਾਂ ਦਾ ਕਿਰਾਇਆ ਵੀ ਨਹੀਂ ਲਿਆ ਜਾਂਦਾ ਸੀ।

ਇਸ ਦੌਰਾਨ ਪੰਜਾਂ ਭਰਾਵਾਂ ਨੇ 31 ਕਨਾਲ 11 ਮਰਲੇ ਆਪਣੀ ਥਾਂ ਦਾ ਇਕਰਾਰਨਾਮਾ ਨਿੱਜੀ ਕੰਪਨੀ ਨਾਲ ਕਰ ਲਿਆ। ਫਿਰ ਜੀਤ ਸਿੰਘ ਦੀ ਮੌਤ ਹੋ ਗਈ ਤੇ ਜੀਤ ਸਿੰਘ ਦੇ ਬੇਟੇ ਅਰਵਿੰਦਰ ਸਿੰਘ ਨੇ ਜੀਤ ਸਿੰਘ ਨੂੰ ਦਿੱਤੀ ਥਾਂ ਉੱਤੇ ਕਬਜ਼ਾ ਕਰ ਲਿਆ। ਅਰਵਿੰਦਰ ਸਿੰਘ ਨੇ ਜੱਦੀ ਘਰ ਵਿੱਚੋਂ ਦਰਬਾਰਾ ਸਿੰਘ ਦੇ ਹਿੱਸੇਵਾਲੀ ਥਾਂ ਉੱਤੇ ਕਬਜ਼ਾ ਵੀ ਕਰ ਲਿਆ। ਇਸ ਬਾਰੇ ਜਦੋਂ ਦਰਬਾਰਾ ਸਿੰਘ ਨੂੰ ਪਤਾ ਲੱਗਾ ਤਾਂ ਉਨ੍ਹਾਂ ਅਰਵਿੰਦਰ ਸਿੰਘ ਨਾਲ ਫੋਨ ਉੱਤੇ ਗੱਲ ਕੀਤੀ, ਪਰ ਉਸ ਨੇ ਉਨ੍ਹਾਂ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ। ਪੁਲਸ ਨੇ ਅਰਵਿੰਦਰ ਸਿੰਘ ਦੇ ਖਿਲਾਫ ਕੇਸ ਦਰਜ ਕੀਤਾ ਹੈ।

# ਹਵਾਰਾ ਦੀ ਪਟੀਸ਼ਨ ਉਤੇ ਹਾਈ ਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਪੰਜ ਹਜ਼ਾਰ ਰੁਪਏ ਜੁਰਮਾਨਾ

ਚੰਡੀਗੜ੍ਹ, 1 ਮਈ (ਪੋਸਟ ਬਿਊਰੋ)- ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਚੰਡੀਗੜ੍ਹ ਜੇਲ੍ਹ ਵਿੱਚ ਬੰਦ ਜਗਤਾਰ ਸਿੰਘ ਹਵਾਰਾ ਦੀ ਪਟੀਸ਼ਨ ਉੱਤੇ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਪੰਜ ਹਜ਼ਾਰ ਰੁਪਏ ਦਾ ਜੁਰਮਾਨਾ ਲਾਇਆ ਹੈ। ਜਸਟਿਸ ਅਵਨੀਸ਼ ਝਿੰਗਨ ਦੀ ਅਦਾਲਤ ਨੇ ਪੰਜਾਬ ਸਰਕਾਰ ਨੂੰ ਝਿੜਕ ਕੇ ਕਿਹਾ ਕਿ ਪਹਿਲਾਂ ਜੁਰਮਾਨੇ ਦੀ ਰਾਸ਼ੀ ਪੀ ਜੀ ਆਈ ਦੇ ਗਰੀਬ ਮਰੀਜ਼ ਫੰਡ ਵਿੱਚ ਜਮ੍ਹਾ ਕਰਵਾਓ, ਫਿਰ ਜਵਾਬ ਦਾਇਰ ਹੋਵੇਗਾ।




ਹਾਈ ਕੋਰਟ ਨੇ ਕਿਹਾ ਕਿ ਪਹਿਲਾਂ ਦੋ ਵਾਰ ਸਰਕਾਰ ਨੇ ਸਮਾਂ ਮੰਗਿਆ ਤੇ ਫਿਰ ਇੱਕ ਐਸ ਆਈ ਨੂੰ ਮੋਹਾਲੀ ਤੋਂ ਸਿਰਫ ਇਹ ਦੱਸਣ ਲਈ ਭੇਜਿਆ ਹੈਕਿ ਜਵਾਬ ਤਿਆਰ ਨਹੀਂ, ਇਸ ਵਿਹਾਰ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ ਇਸ ਲਈ ਹਾਈ ਕੋਰਟ ਨੇ ਸਰਕਾਰ ਨੂੰ ਅਜਿਹੇ ਕੇਸਾਂ ਨੂੰ ਗੰਭੀਰਤਾ ਨਾਲ ਲੈਣ ਦੇ ਹੁਕਮ ਦਿੰਦੇ ਹੋਏ ਜੁਰਮਾਨਾ ਲਾਇਆ ਹੈ।

ਵਰਣਨਯੋਗ ਹੈ ਕਿ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ 1995 ਵਿੱਚ ਬੰਬ ਧਮਾਕੇ ਨਾਲ ਹੋਈ ਹੱਤਿਆ ਦੇ ਕੇਸ ਵਿੱਚ ਜਗਤਾਰ ਸਿੰਘ ਹਵਾਰਾ ਨੂੰ ਦੋਸ਼ੀ ਕਰਾਰ ਦੇ ਕੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ ਅਤੇ ਉਹ ਇਸ ਸਮੇਂ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਹੈ, ਪਰ ਉਸ ਦੇ ਖਿਲਾਫ ਮੋਹਾਲੀ ਦੇ ਸੋਹਾਣਾ ਥਾਣੇ ਵਿੱਚ 13 ਜੂਨ 1998 ਵਿੱਚ ਦੇਸ਼ ਧਰੋਹ ਅਤੇ ਹੋਰ ਦੋਸ਼ਾਂ ਬਾਰੇ ਕੇਸ ਦਰਜ ਕੀਤਾ ਗਿਆ ਸੀ। ਜਗਤਾਰ ਸਿੰਘ ਹਵਾਰਾ ਨੇ ਦੱਸਿਆ ਕਿ ਸੋਹਾਣਾ ਵਿੱਚ ਦਰਜ ਕੇਸ ਦੀ ਉਸ ਨੂੰ ਕੋਈ ਜਾਣਕਾਰੀ ਨਹੀਂ ਸੀ, ਇਹ ਜਾਣਕਾਰੀ ਉਸ ਨੂੰ ਤਿਹਾੜ ਜੇਲ੍ਹ ਅਥਾਰਟੀ ਵੱਲੋਂ ਜਾਰੀ ਕੀਤੀ ਸੂਚੀ ਤੋਂ ਮਿਲੀ ਸੀ। ਇਸ ਤੋਂ ਬਾਅਦ 2019 ਵਿੱਚ ਮੋਹਾਲੀ ਦੀ ਜ਼ਿਲ੍ਹਾ ਅਦਾਲਤ ਵਿੱਚ ਅਰਜ਼ੀ ਦਾਇਰ ਕਰ ਕੇ ਇਸ ਕੇਸ ਦੇ ਸਟੇਟਸ ਦੀ ਜਾਣਕਾਰੀ ਮੰਗੀ ਤਾਂ ਅਰਜ਼ੀਅੱਜ ਤਕ ਬਕਾਇਆ ਹੈ,ਜਦ ਕਿ ਇਸ ਕੇਸ ਦੇ ਛੇ ਦੋਸ਼ੀ ਬਰੀ ਹੋ ਚੁੱਕੇ ਹਨ। ਹਵਾਰਾ ਨੇ ਪਹਿਲਾਂ ਇਸ ਮਾਮਲੇ ਵਿੱਚ ਮੋਹਾਲੀ ਦੀ ਜ਼ਿਲ੍ਹਾ ਅਦਾਲਤ ਤੋਂ ਅਗਾਊਂ ਜ਼ਮਾਨਤ ਮੰਗੀ ਤਾਂ 2021 ਵਿੱਚ ਰੱਦ ਕਰ ਦਿੱਤੀ ਗਈ ਸੀ, ਫਿਰ ਹਵਾਰਾ ਨੇ ਹਾਈ ਕੋਰਟ ਤੋਂ ਅਗਾਊਂ ਜ਼ਮਾਨਤ ਦੀ ਮੰਗ ਕੀਤੀ ਹੈ।

# ਮਿਸ ਹੋਈ ਫਲਾਈਟ ਦੇ ਪੈਸੇ ਨਾ ਮੋੜਨ ਵਾਲੀ ਏਅਰਲਾਈਨ ਨੂੰ 15 ਹਜ਼ਾਰ ਰੁਪਏ ਜੁਰਮਾਨਾ

ਜਲੰਧਰ, 1 ਮਈ (ਪੋਸਟ ਬਿਊਰੋ)- ਪੰਜ ਮੁਸਾਫਰਾਂ ਦੀ ਦਿੱਲੀ ਤੋਂ ਪਟਨਾ ਫਲਾਈਟ ਮਿਸ ਹੋਣ ਬਾਰੇ ਜ਼ਿਲ੍ਹਾ ਖਪਤਕਾਰਸ਼ਿਕਾਇਤ ਨਿਵਾਰਨ ਕਮਿਸ਼ਨ ਨੇ ਇੰਡੀਗੋ ਏਅਰਲਾਈਨ ਨੂੰ 15 ਹਜ਼ਾਰ ਜੁਰਮਾਨੇ ਦਾ ਹੁਕਮ ਦਿੱਤਾ।




ਵਡਾਲਾ ਚੌਕ ਨੇੜੇ ਸਿਲਵਰ ਹਾਈਟਸ ਅਪਾਰਟਮੈਂਟ ਦੇ ਵਾਸੀ ਮਨਜੀਤ ਸਿੰਘ ਨੇ ਦੱਸਿਆ ਕਿ ਗੁਰ-ਦੁਆਰਾ ਸ੍ਰੀ ਪਟਨਾ ਸਾਹਿਬ ਜਾਣ ਲਈ 16 ਮਾਰਚ 2018 ਨੂੰ 16,915 ਰੁਪਏ ਦੀ ਪੇਮੈਂਟ ਨਾਲ ਦਿੱਲੀ ਤੋਂ ਪਟਨਾ ਦੇ ਲਈ ਇੰਡੀਗੋ ਏਅਰਲਾਈਨ ਦੀਆਂ ਪੰਜ ਟਿਕਟਾਂ ਖਰੀਦੀਆਂ ਸਨ। 21 ਮਾਰਚ ਨੂੰ ਸ਼ਾਮ ਚਾਰ ਵਜੇ ਫਲਾਈਟ ਸੀ ਅਤੇ ਉਹ ਦੁਪਹਿਰ ਇੱਕ ਵਜੇ ਨਵੀਂ ਦਿੱਲੀ ਦੇ ਟਰਮੀਨਲ-ਇੱਕ ਉੱਤੇਠੀਕ ਸਮੇਂਪਹੁੰਚ ਗਏ। ਚੈਕ-ਇਨ ਕਰਵਾਉਣ ਉੱਤੇ ਏਅਰਲਾਈਨ ਨੇ ਇਹ ਕਹਿ ਕੇ ਬਿਠਾਉਣ ਤੋਂ ਮਨ੍ਹਾ ਕਰ ਦਿੱਤਾ ਕਿ ਏਅਰਕਰਾਫਟ ਦੇ ਦਰਵਾਜ਼ੇ ਬੰਦ ਹੋ ਚੁੱਕੇ ਹਨ, ਇਸ ਦੇ ਬਾਅਦ ਸਪਾਈਸ ਜ਼ੈਟ ਦੀਆਂ 25 ਹਜ਼ਾਰ ਦੀਆਂ ਟਿਕਟਾਂ ਲੈ ਕੇ ਅਗਲੀ ਫਲਾਈਟ ਨਾਲ ਟਰੈਵਲ ਕੀਤਾ। ਉਥੋਂ ਆ ਕੇ ਸ਼ਿਕਾਇਤ ਏਅਰਲਾਈਨ ਨੂੰ ਕੀਤੀ ਤਾਂ ਜਵਾਬ ਮਿਲਿਆ ਕਿ ਉਹ ਪੰਜਾਹ ਫੀਸਦੀ ਵਾਊਚਰ ਦੇ ਸਕਦੇ ਹਨ। ਪੂਰੇ ਪੈਸੇ ਕਲੇਮ ਦੇ ਲਈ ਏਅਰਲਾਈਨ ਨਹੀਂ ਮੰਨੀ। ਇਸਕੇਸ-ਦਾ ਫੈਸਲਾ ਦੇਂਦੇ ਹੋਏ ਪ੍ਰੈਜ਼ੀਡੈਂਟ ਹਰਵੀਨ ਭਾਰਦਵਾਜ ਨੇ ਏਅਰਲਾਈਨ ਨੂੰ ਟਿਕਟਾਂ ਦੇ ਪੈਸੇ, ਨੌਂ ਫੀਸਦੀ ਵਿਆਜ, 10 ਹਜ਼ਾਰ ਜੁਰਮਾਨਾ ਅਤੇ ਪੰਜ ਹਜ਼ਾਰ ਵਕੀਲ ਖਰਚ ਦੇਣ ਦੇ ਹੁਕਮ ਦਿੱਤੇ।

# ਪਾਵਰਕਾਮ ਦੀ ਤਾਰ ਦੇ ਡਰੰਮਾਂ ਸਮੇਤ ਕਬਾੜੀਆ ਫੜਿਆ ਗਿਆ

ਹੁਸ਼ਿਆਰਪੁਰ, 1 ਮਈ (ਪੋਸਟ ਬਿਊਰੋ)- ਪੰਜਾਬ ਪਾਵਰ ਕਾਰਪੋਰੇਸ਼ਨ (ਪੀ ਐਸ ਪੀ ਸੀ ਐਲ) ਦੀਆਂ ਐਲੂਮੀਨੀਅਮ ਕੰਡਕਟਰ ਦੀਆਂ ਤਾਰਾਂ ਦੇ ਤਿੰਨ ਡਰੰਮ ਇੱਕ ਟਰੱਕ ਵਿੱਚ ਭਰ ਕੇ ਲਿਜਾਂਦੇ ਇੱਕ ਕਬਾੜੀ ਨੂੰ ਲਾਢੂਵਾਲ (ਲੁਧਿਆਣਾ) ਵਿੱਚ ਈ ਟੀ ਓ ਨੇ ਫੜਿਆ ਹੈ। ਇਸ ਬਾਰੇ ਪੀ ਐਸ ਪੀ ਸੀ ਐਲ ਹੁਸ਼ਿਆਰਪੁਰ ਡਿਪਟੀ ਚੀਫ ਇੰਜੀਨੀਅਰ ਨੇ ਜਲੰਧਰ ਦੀ ਭੋਗਪੁਰ ਡਵੀਜ਼ਨ ਦੇ ਇੱਕ ਜੂਨੀਅਰ ਇੰਜੀਨੀਅਰ (ਏ ਜੀ ਆਈ) ਨੂੰ ਸਸਪੈਂਡ ਕਰ ਦਿੱਤਾ ਹੈ। ਮਿਲੀ ਜਾਣਕਾਰੀ ਅਨੁਸਾਰ ਫੜੇ ਗਏ ਤਿੰਨਾਂ ਡਰੰਮਾਂ ਉੱਤੇ ਪੀ ਐਸ ਪੀ ਸੀ ਐਲ ਹੁਸ਼ਿਆਰਪੁਰ ਦੀਆਂ ਮੋਹਰਾਂ ਤੇ ਨੰਬਰ ਸਨ। ਫੜੇ ਗਏ ਕਬਾੜੀ ਨੇ ਖੁਦ ਨੂੰ ਬਿਜਲੀ ਬੋਰਡ ਦਫਤਰ ਜਲੰਧਰ ਦਾ ਐਸ ਡੀ ਓ ਦੱਸਿਆ ਤੇ ਕਿਹਾ ਕਿ ਉਹ ਇਹ ਡਰੰਮ ਜਲੰਧਰ ਤੋਂ ਪਟਿਆਲੇ ਲੈ ਕੇ ਜਾ ਰਿਹਾ ਹੈ। ਜਦੋਂ ਉਸ ਨੇ ਕਾਗਜ਼ ਦਿਖਾਏ ਤਾਂ ਉਨ੍ਹਾਂ ਨੇ ਸ਼ੱਕ ਉੱਤੇ ਡਰੰਮ ਕਬਜ਼ੇ ਵਿੱਚ ਲੈ ਲਏ। ਜਦੋਂ ਇਹ ਮਾਮਲਾ ਹੁਸ਼ਿਆਰਪੁਰ ਪੀ ਐਸ ਪੀ ਸੀ ਐਲ ਦੇ ਧਿਆਨ ਵਿੱਚ ਲਿਆਂਦਾ ਤਾਂ ਪਤਾ ਲੱਗਾ ਕਿ ਤਿੰਨੇ ਡਰੰਮ ਭੋਗਪੁਰ ਡਵੀਜ਼ਨ ਦੇ ਜੇ ਈ ਸੰਜੀਵ ਕੁਮਾਰ ਅਤੇ ਏ ਜੇ ਈ ਰਣਜੀਤ ਸਿੰਘ ਨੇ ਜਾਰੀ ਕਰਵਾਏ ਸਨ। ਇਸ ਉੱਤੇ ਜੇ ਈ ਅਤੇ ਏ ਜੇ ਈ ਦੀ ਮਿਲੀਭੁਗਤ ਕਾਰਨ ਦੋਵਾਂ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਉਕਤ ਤਾਰ 11967 ਮੀਟਰ ਹੈ, ਜਿਸ ਦੀ ਕੀਮਤ ਲਗਭਗ ਪੰਜ ਲੱਖ 29 ਹਜ਼ਾਰ ਰੁਪਏ ਹੈ।

# ਸਰਕਾਰੀ ਹਸਪਤਾਲ ਦਾ ਅਕਾਊਂਟੈਂਟ ਰਿਸ਼ਵਤ ਲੈਂਦਾ ਗ੍ਰਿਫਤਾਰ

ਫਾਜ਼ਿਲਕਾ, 1 ਮਈ (ਪੋਸਟ ਬਿਊਰੋ)- ਵਿਜੀਲੈਂਸ ਬਿਊਰੋ ਫਾਜ਼ਿਲਕਾ ਨੇ ਸਰਕਾਰੀ ਹਸਪਤਾਲ ਦੇ ਅਕਾਊਂਟੈਂਟ ਨੂੰ 25 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਕਾਬੂ ਕੀਤਾ ਹੈ।

ਇਸ ਬਾਰੇ ਵਿਜੀਲੈਂਸ ਬਿਊਰੋ ਦੇ ਅਫਸਰਾਂ ਨੇ ਦੱਸਿਆ ਕਿ ਪਿੰਡ ਮੁਰਾਦਵਾਲਾ ਦੇ ਰਵਿੰਦਰ ਕੁਮਾਰ ਨੇ ਸਿਵਲ ਹਸਪਤਾਲ ਫਾਜ਼ਿਲਕਾ ਵਿੱਚ ਕੰਟੀਨ ਠੇਕੇ ਉੱਤੇ ਲਈ ਹੈ। ਉਹ ਹਸਪਤਾਲ ਵਿੱਚ ਦਾਖਲ ਗਰਭਵਤੀ ਔਰਤਾਂ ਨੂੰ ਸਰਕਾਰ ਵੱਲੋਂ ਦਿੱਤਾ ਜਾਣ ਵਾਲਾ ਮੁਫਤ ਖਾਣਾ ਅਤੇ ਹਸਪਤਾਲ ਵਿੱਚ ਹੁੰਦੀਆਂ ਮੀਟਿੰਗਾਂਮੌਕੇ ਖਾਣ-ਪੀਣ ਦੀਆਂ ਚੀਜ਼ਾਂ ਸਪਲਾਈ ਕਰਵਾਉਂਦਾ ਹੈ ਅਤੇਕੰਟੀਨ ਦੇ ਬਿੱਲ ਹਸਪਤਾਲ ਦੇ ਅਕਾਊਂਟੈਂਟ ਧਰਮਵੀਰ ਤੋਂ ਪਾਸ ਕਰਵਾਏ ਜਾਂਦੇ ਹਨ। ਕੁਝ ਦਿਨ ਪਹਿਲਾਂ 89,000 ਰੁਪਏ ਦੇ ਬਿੱਲਾਂ ਦਾ ਭੁਗਤਾਨ ਕਰਨ ਲਈ ਅਕਾਊਂਟੈਂਟ ਨੂੰ ਦਿੱਤਾ ਤਾਂ ਉਸ ਨੇ ਬਿੱਲਾਂ ਦੀ ਅਦਾਇਗੀ ਤੋਂ ਪਹਿਲਾਂ ਤੀਹ ਹਜ਼ਾਰ ਰੁਪਏ ਰਿਸ਼ਵਤ ਮੰਗੀ। ਫਿਰ 25 ਹਜ਼ਾਰ ਰੁਪਏ ਦੀ ਗੱਲ ਤੈਅ ਹੋਈ। ਉਸ ਨੇ ਕਿਹਾ ਕਿ ਉਹ ਉਸੇ ਅਦਾਇਗੀ ਵਿੱਚੋਂ ਇਹ ਪੈਸੇ ਦੇ ਦੇਵੇਗਾ। ਉਸ ਪਿੱਛੋਂ ਅਕਾਊਂਟੈਂਟ ਨੇ ਉਸ ਦੇ ਖਾਤੇ ਵਿੱਚ 81 ਹਜ਼ਾਰ ਰੁਪਏ ਦੀ ਅਦਾਇਗੀ ਕਰਵਾ ਦਿੱਤੀ। ਜਦ ਅਕਾਊਂਟੈਂਟ ਰਕਮ ਮੰਗਣ ਲੱਗਾ ਤਾਂ ਉਸ ਨੇ ਵਿਜੀਲੈਂਸ ਨੂੰ ਸ਼ਿਕਾਇਤ ਦੇ ਦਿੱਤੀ। ਇਸ ਦੇ ਬਾਅਦ ਕੱਲ੍ਹ ਗਊਸ਼ਾਲਾ ਰੋਡ ਨੇੜੇ ਦੱਸੀ ਗਈ ਥਾਂ ਉੱਤੇ ਰਵਿੰਦਰ ਨੇ ਜਦੋਂ ਅਕਾਊਂਟੈਂਟ ਨੂੰ ਰਿਸ਼ਵਤ ਦੀ ਰਕਮ ਦਿੱਤੀ ਤਾਂ ਵਿਜੀਲੈਂਸ ਨੇ ਟ੍ਰੈਪ ਲਾ ਕੇ ਉਸ ਨੂੰ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਕਾਬੂ ਕਰ ਲਿਆ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

## ਈ ਡੀ ਵੱਲੋਂ ਅਦਾਕਾਰਾ ਜੈਕਲਿਨ ਦੀ ਕਰੋੜਾਂ ਦੀ ਜਾਇਦਾਦ ਜ਼ਬਤ

ਨਵੀਂ ਦਿੱਲੀ, 1 ਮਈ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਮਨੀ ਲਾਂਡਰਿੰਗ ਮਾਮਲੇ ਵਿੱਚ ਬਾਲੀਵੁੱਡ ਅਭਿਨੇਤਰੀ ਜੈਕਲਿਨ ਦੀ 7.27 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕਰ ਲਈ ਹੈ। ਇਹ ਕਦਮ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਠੱਗ ਸੁਕੇਸ਼ ਚੰਦਰਸ਼ੇਖਰ ਦੇ ਖਿਲਾਫ ਈ ਡੀਵੱਲੋਂ 200 ਕਰੋੜ ਰੁਪਏਦੀ ਜਬਰੀ ਵਸੂਲੀ ਦੇ ਕੇਸ ਦੀ ਜਾਂਚ ਦੇ ਬਾਅਦ ਚੁੱਕਿਆ ਗਿਆ ਹੈ। ਈ ਡੀ ਦਾ ਅਨੁਮਾਨ ਸੀ ਕਿ ਚੰਦਰਸ਼ੇਖਰ ਨੇ ਫਰਨਾਂਡੀਜ਼ ਨੂੰ ਪੰਜ ਕਰੋੜ ਰੁਪਏ ਤੋਂ ਵੱਧ ਦੇ ਤੋਹਫੇ ਦਿੱਤੇ ਅਤੇ ਉਸ ਦੇ ਪਰਵਾਰ ਦੇ ਨਜ਼ਦੀਕੀ ਮੈਂਬਰਾਂ ਉੱਤੇ 1,73,000 ਅਮਰੀਕੀ ਡਾਲਰ ਅਤੇ ਲਗਭਗ 27,000 ਆਸਟਰੇਲੀਆਈ ਡਾਲਰ ਖਰਚ ਕੀਤੇ ਸਨ।

ਇਸ ਕੇਸ ਵਿੱਚ ਈ ਡੀ ਨੇ ਗ੍ਰਿਫਤਾਰ ਕੀਤੇ ਇੱਕ ਹੋਰ ਦੋਸ਼ੀ ਪਿੰਕੀ ਈਰਾਨੀ ਦੀ ਚੰਦਰਸ਼ੇਖਰ ਨਾਲ ਪੁੱਛਗਿੱਛ ਦੇ ਦੌਰਾਨ ਕਾਰਵਾਈ ਕੀਤੀ ਸੀ। 9 ਦਸੰਬਰ ਨੂੰ ਈਰਾਨੀ ਨੇ ਚੰਦਰਸ਼ੇਖਰ ਨੂੰ ਜੈਕਲਿਨ ਫਰਨਾਂਡੀਜ਼ ਨਾਲ ਮਿਲਾਇਆ ਸੀ। ਪਿਛਲੇ ਸਾਲ ਦਸੰਬਰ ਵਿੱਚ ਇਨ੍ਹਾਂ ਸਾਹਮਣਾ ਹੋਇਆ ਤਾਂਜਾਂਚ ਤੋਂ ਪਤਾ ਲੱਗਾ ਸੀ ਕਿ ਚੰਦਰਸ਼ੇਖਰ ਦੀ ਸਹਿਯੋਗੀ ਪਿੰਕੀ ਨੇ ਜੈਕਲਿਨਫਰਨਾਂਡੀਜ਼ ਨੂੰ ਉਸ ਨਾਲ ਮਿਲਵਾਉਣ ਲਈ ਮੋਟੀ ਰਕਮ ਦਿੱਤੀ ਸੀ। ਇਸ ਤੋਂ ਪਹਿਲਾਂ ਈ ਡੀ ਨੇ ਈਰਾਨੀ ਦਾ ਜੈਕਲਿਨ ਫਰਨਾਂਡੀਜ਼ ਨਾਲ ਸਾਹਮਣਾ ਕਰਾਇਆ ਗਿਆ ਸੀ।

ਈ ਡੀ ਨੇ ਇਸ ਤੋਂ ਪਹਿਲਾਂ ਮਨੀ ਲਾਂਡਰਿੰਗ ਕੇਸ ਵਿੱਚ ਜੈਕਲਿਨ ਫਰਨਾਂਡੀਜ਼ ਤੋਂ ਪੁੱਛਗਿੱਛ ਕੀਤੀ ਸੀ। ਇਸੇ ਕੇਸ ਵਿੱਚ ਇੱਕ ਹੋਰ ਅਭਿਨੇਤਰੀ ਨੋਰਾ ਫਤੇਹੀ ਤੋਂ ਵੀ ਪੁੱਛਗਿੱਛ ਹੋਈ ਹੈ। ਰਿਪੋਰਟਾਂ ਮੁਤਾਬਕ ਈ ਡੀ ਇਸ ਸੰਭਾਵਨਾ ਉੱਤੇਕੰਮ ਕਰ ਰਹੀ ਹੈ ਕਿ ਪੈਸਾ ਵਿਦੇਸ਼ ਵਿੱਚ ਨਿਵੇਸ਼ ਕੀਤਾ ਗਿਆ ਤੇ ਇਸ ਦੀ ਅਗਵਾਈ ਚੰਦਰਸ਼ੇਖਰ ਨੇ ਕੀਤੀ ਸੀ, ਜੋ 21 ਕੇਸਾਂ ਦਾ ਦੋਸ਼ੀ ਹੈ।ਇਹ ਕੇਸ ਦਿੱਲੀ ਪੁਲਸ ਦੇ ਆਰਥਿਕ ਅਪਰਾਧ ਸੈਲ (ਈ ਓ ਡਬਲਯੂ) ਵੱਲੋਂ ਚੰਦਰਸ਼ੇਖਰ ਖਿਲਾਫ ਦਰਜ ਸ਼ਿਕਾਇਤ ਉੱਤੇ ਆਧਾਰਤ ਹੈ, ਜਿਸ ਉੱਤੇ ਰੈਲੀਗੇਅਰ ਇੰਟਰਪ੍ਰਾਈਜ਼ਿਜ਼ ਦੀ ਪਤਨੀ ਅਦਿਤੀ ਸਿੰਘ ਨੂੰ ਧੋਖਾ ਦੇਣ ਅਤੇ ਜਬਰੀ ਵਸੂਲੀ ਕਰਨ ਦਾ ਦੋਸ਼ ਹੈ।

# ਹਰਿਆਣਾ ਵੱਲੋਂ ਮੰਗ, ਪੰਜਾਬ, ਹਰਿਆਣਾ, ਚੰਡੀਗੜ੍ਹ ਦੀ ਵੱਖੋ-ਵੱਖਰੀ ਹਾਈ ਕੋਰਟ ਬਣਾਉ

### * ਭਗਵੰਤ ਮਾਨ ਵੱਲੋਂ ਪੰਜਾਬ ਬਾਰੇ ਵੀ ਸਹਿਮਤੀ




ਨਵੀਂ ਦਿੱਲੀ, 1 ਮਈ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਹਰਿਆਣੇਲਈਵੱਖਰੀ ਹਾਈ ਕੋਰਟ ਬਣਾਉਣ ਦੀ ਕਈ ਸਾਲ ਪੁਰਾਣੀ ਮੰਗ ਦਾ ਸਮੱਰਥਨ ਕਰ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਨਵੀਂ ਦਿੱਲੀ ਦੇ ਵਿਗਿਆਨ ਭਵਨ ਵਿੱਚ ਮੁੱਖ ਮੰਤਰੀਆਂ ਤੇ ਹਾਈ ਕੋਰਟਾਂ ਦੇ ਮੁੱਖ ਜੱਜਾਂ ਦੇ ਸੰਮੇਲਨ ਵਿੱਚ ਹਰਿਆਣੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਦੀ ਇਸ ਮੰਗ ਦਾ ਸਮਰਥਨ ਕਰ ਦਿੱਤਾ ਹੈ ਕਿ ਹਰਿਆਣੇ ਦੀ ਵੱਖਰੀ ਹਾਈ ਕੋਰਟ ਹੋਵੇ। ਨਾਲ ਭਗਵੰਤ ਮਾਨ ਨੇ ਇਹ ਵੀ ਕਿਹਾ ਹੈ ਕਿ ਪੰਜਾਬ ਦੀ ਵੀ ਵੱਖਰੀ ਹਾਈ ਕੋਰਟ ਬਣਾਉਣੀ ਚਾਹੀਦੀ ਹੈ।

ਵਰਨਣ ਯੋਗ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਕੇਸ ਵੀ ਸੁਣੇ ਜਾਂਦੇ ਹਨ। ਇਸ ਲਈ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਸੁਝਾਅ ਦਿੱਤਾ ਸੀ ਕਿ ਚੰਡੀਗੜ੍ਹ ਦੀਵੱਖਰੀ ਹਾਈ ਕੋਰਟ ਅਤੇ ਹਰਿਆਣਾ ਦੀ ਵੱਖਰੀ ਹਾਈ ਕੋਰਟਚਾਹੀਦੀ ਹੈ। ਉਨ੍ਹਾ ਦਾ ਕਹਿਣਾ ਹੈ ਕਿ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਦੇ ਕੇਸਾਂ ਲਈ ਬਣੀ ਮੌਜੂਦਾ ਹਾਈ ਕੋਰਟ ਵਿੱਚ ਜਗ੍ਹਾ ਦੀ ਕਮੀ ਕਾਰਨ ਵਿਸਥਾਰ ਵੀ ਨਹੀਂ ਹੋ ਰਿਹਾ। ਇਸ ਹਾਈ ਕੋਰਟ ਦੀਆਂ 85 ਕੋਰਟਾਂ ਮਨਜ਼ੂਰ ਹੋਣ ਦੇ ਬਾਵਜੂਦ ਇੱਥੇ 48 ਜੱਜ ਹੀ ਹਨ। ਮਨੋਹਰ ਲਾਲ ਖੱਟਰ ਦੇ ਅਨੁਸਾਰ ਚੀਫ ਜਸਟਿਸ ਹਾਈ ਕੋਰਟ ਨੇ ਉਨ੍ਹਾਂ ਨੂੰ ਦੱਸਿਆ ਹੈ ਕਿ ਮਨਜ਼ੂਰ ਸਾਰੀਆਂ 85 ਕੋਰਟਾਂ ਲਈ ਜੇ ਜੱਜ ਨਿਯੁਕਤ ਹੋਣ ਤਾਂ ਉਨ੍ਹਾਂ ਦੇ ਲਈ ਮੌਜੂਦਾ ਕੰਪਲੈਕਸ ਵਿੱਚ ਕੋਰਟਾਂ ਬਣਾਉਣ ਦੀ ਜਗ੍ਹਾ ਨਹੀਂ। ਹਾਲੇ ਕੇਵਲ 62 ਜੱਜਾਂ ਲਈ ਇਸ ਬਿਲਡਿੰਗ ਵਿੱਚ ਕੋਰਟਾਂਚੱਲ ਸਕਦੀਆਂ ਹੈ। ਜਗ੍ਹਾ ਦੀ ਕਮੀ ਕਾਰਨ ਰਿਕਾਰਡ ਦੀ ਸਾਂਭ-ਸੰਭਾਲ ਵੀ ਪ੍ਰਭਾਵਤ ਹੋ ਰਹੀ ਹੈ।


## ਭਾਰਤੀ ਮੂਲ ਦੇ ਵਿਅਕਤੀ ਨੂੰ ਸੀ ਆਈ ਏ ਵਿੱਚ ਇੱਕ ਵੱਡਾ ਅਹੁਦਾ ਮਿਲਿਆ



ਵਾਸ਼ਿੰਗਟਨ, 1 ਮਈ (ਪੋਸਟ ਬਿਊਰੋ)- ਅਮਰੀਕਾ ਦੀ ਪ੍ਰਮੁੱਖ ਖੁਫੀਆ ਏਜੰਸੀ ਸੀ ਆਈ ਏ (ਸੈਂਟਰਲ ਇੰਟੈਲੀਜੈਂਸ ਏਜੰਸੀ) ਨੇ ਇੱਕ ਭਾਰਤੀ-ਅਮਰੀਕੀ ਕਾਰੋਬਾਰੀ ਨੰਦ ਮੂਲਚੰਦਾਨੀ ਦੀ ਚੀਫ ਟੈਕਨਾਲੋਜੀ ਆਫੀਸਰ ਵਜੋਂ ਨਿਯੁਕਤੀ ਕੀਤੀ ਹੈ। ਮੂਲਚੰਦਾਨੀ ਸੀ ਆਈ ਏ ਦੇ ਪਹਿਲੇ ਸੀ ਟੀ ਓ ਹੋਣਗੇ। ਇਸ ਤੋਂ ਪਹਿਲਾਂ ਕਿਸੇ ਭਾਰਤੀ ਦੀ ਕਦੇ ਅਮਰੀਕਾ ਦੀ ਇਸ ਖੁਫੀਆ ਏਜੰਸੀ ਵਿੱਚ ਨਿਯੁਕਤੀ ਨਹੀਂ ਹੋਈ।

ਵਰਣਨਯੋਗ ਹੈ ਕਿ ਏਜੰਸੀ ਵਿੱਚ ਸੀ ਟੀ ਓ ਦੀ ਆਸਾਮੀ ਪਹਿਲੀ ਵਾਰ ਨੰਦ ਮੂਲਚੰਦਾਨੀ ਲਈ ਬਣਾਈ ਗਈ ਹੈ।ਮੂਲਚੰਦਾਨੀ ਦਾ ਕੈਲੀਫੋਰਨੀਆ ਦੀ ਸਿਲੀਕੌਨ ਵੈਲੀ ਵਿੱਚ ਕੰਮ ਕਰਨ ਦਾ 25 ਸਾਲਾਂ ਤੋਂ ਵੱਧ ਤਜਰਬਾ ਹੈ। ਇਸ ਤੋਂ ਇਲਾਵਾ ਉਹ ਅਮਰੀਕਾ ਦੇ ਰੱਖਿਆ ਵਿਭਾਗ ਦੇ ਸੀ ਟੀ ਓ ਤੇ ਐਕਟਿੰਗ ਡਾਇਰੈਕਟਰ ਵਜੋਂ ਕੰਮ ਕਰ ਚੁੱਕੇ ਹਨ। ਉਨ੍ਹਾਂ ਆਬਲਿਕਸ ਨਾਂਅ ਦੀ ਸਟਾਰਟ ਅੱਪ ਕੰਪਨੀ ਵੀ ਚਲਾਈ ਸੀ, ਜਿਸ ਨੂੰ ਪਿੱਛੋਂ ਓਰੈਕਲ ਨੇ ਐਕਵਾਇਰ ਕਰ ਲਿਆ ਸੀ। ਮੂਲਚੰਦਾਨੀ ਕੌਰਨੈਲ ਯੂਨੀਵਰਸਿਟੀ ਤੋਂ ਕੰਪਿਊਟਰ ਸਾਇੰਸ ਅਤੇ ਮੈਥ ਵਿੱਚ ਗ੍ਰੈਜੂਏਟ, ਸਟੈਨਫੋਰਡ ਯੂਨੀਵਰਸਿਟੀ ਤੋਂ ਮੈਨੇਜਮੈਂਟ ਵਿੱਚ ਸਾਇੰਸ ਦੇ ਪੋਸਟ ਗ੍ਰੈਜੂਏਟ ਅਤੇ ਹਾਵਰਡ ਯੂਨੀਵਰਸਿਟੀ ਤੋਂ ਪਬਲਿਕ ਐਡਮਨਿਸਟਰੇਸ਼ਨ ਦੇ ਪੋਸਟ ਗ੍ਰੈਜੂਏਟ ਹਨ। ਉਨ੍ਹਾਂ ਦੀ ਕਈ ਵਿਸ਼ਿਆਂ ਉੱਤੇ ਚੰਗੀ ਪਕੜ ਹੈ।

## ਨਹਿਰੂ ਅਤੇ ਮਾਊਂਟਬੈਟਨ ਦੇ ਨਿੱਜੀ ਪੱਤਰਾਂ ਦੇ ਕੁਝ ਹਿੱਸੇ ਗੁਪਤ ਬਣੇ ਰਹਿਣਗੇ



ਲੰਡਨ, 1 ਮਈ (ਪੋਸਟ ਬਿਊਰੋ)- ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ, ਭਾਰਤ ਦੇ ਆਖਰੀ ਵਾਇਸਰਾਏ ਲਾਰਡ ਮਾਊਂਟਬੈਟਨ ਅਤੇ ਉਨ੍ਹਾਂ ਦੀ ਪਤਨੀ ਐਡਵਿਨਾ ਵੱਲੋਂ ਲਿਖੀ ਡਾਇਰੀ ਅਤੇ ਪੱਤਰਾਂ ਦੇ ਕੁਝ ਹਿੱਸੇ ਜਨਤਕ ਨਹੀਂ ਹੋਣਗੇ, ਗੁਪਤ ਰਹਿਣਗੇ। ਇਹ ਹੁਕਮਬ੍ਰਿਟੇਨ ਦੀ ਫਸਟ ਟੀਅਰ ਟ੍ਰਿਬਿਊਨਲ ਨੇ ਦਿੱਤਾ ਹੈ।

ਟ੍ਰਿਬਿਊਨਲ ਦੇ ਸਾਹਮਣੇ ਇੱਕ ਅਪੀਲ ਕਰ ਕੇ ਕਿਹਾ ਗਿਆ ਸੀ ਕਿ ਕੀ ਇਨ੍ਹਾਂ ਨਿੱਜੀ ਡਾਇਰੀ ਅਤੇ ਪੱਤਰਾਂ ਨੂੰ ਜਨਤਕ ਰੂਪ ਵਿੱਚ ਪੇਸ਼ ਕੀਤਾ ਜਾ ਸਕਦਾ ਹੈ।ਆਪਣੀ ਕਿਤਾਬ 'ਦਿ ਮਾਊਂਟਬੈਟਨ: ਦਿ ਲਾਈਵਸ ਐਂਡ ਲਵਸ ਆਫ ਡਿਕੀ ਐਂਡ ਐਡਵਿਨਾ ਮਾਊਂਟਬੈਟਨ' ਲਈ ਦਸਤਾਵੇਜ਼ ਜਾਰੀ ਕਰਨ ਲਈ ਚਾਰ ਸਾਲ ਦੀ ਲੰਬੀ ਲੜਾਈ ਲੜਨ ਵਾਲੇ ਇਤਿਹਾਸਕਾਰ ਐਂਡਰਿਊ ਲਾਨੀ ਨੇ ਕਿਹਾ ਕਿ ਮਾਊਂਟਬੈਟਨ ਕੁਲੈਕਸ਼ਨ ਬਹੁਤ ਹੀ ਮਹੱਤਵਪੂਰਨ ਹੈ। ਇਨ੍ਹਾਂ ਡਾਇਰੀ ਤੇ ਪੱਤਰਾਂ ਦੇ ਤੀਹ ਹਜ਼ਾਰ ਤੋਂ ਵੱਧ ਸਫੇ ਜਾਰੀ ਹੋ ਚੁੱਕੇ ਹਨ ਤੇਇਸ ਤੋਂ ਵੱਧ ਦੇ ਸਾਹਮਣੇ ਆਉਣ ਦੀ ਸੰਭਾਵਨਾ ਨਹੀਂ ਹੈ ਕਿਉਂਕਿ ਲਗਭਗ ਏਨੀ ਜਾਣਕਾਰੀ ਹੋਰ ਕਿਤਾਬਾਂ ਅਤੇ ਡਾਇਰੀ ਵਿੱਚ ਹੈ। ਬ੍ਰਿਟੇਨ ਦੇ ਮੰਤਰੀ ਮੰਡਲ ਨੇ ਕਿਹਾ ਸੀ ਕਿ ਇਨ੍ਹਾਂ ਦਸਤਾਵੇਜ਼ਾਂ ਨਾਲ ਜੁੜੀ ਜਿਆਦਾ ਜਾਣਕਾਰੀ ਜਨਤਕ ਤੌਰ ਉਤੇ ਮਿਲ ਸਕਦੀ ਹੈ। ਭਾਰਤ ਅਤੇ ਪਾਕਿਸਤਾਨ ਦੇ ਸੰਬੰਧ ਵਿੱਚ ਰੋਕੀ ਗਈ ਜਾਣਕਾਰੀ ਹੋਰ ਦੇਸ਼ਾਂ ਨਾਲ ਬਰਤਾਨੀਆ ਦੇ ਸਬੰਧਾਂ ਨੂੰ ਪ੍ਰਭਾਵਤ ਕਰੇਗੀ।

## ਨਰਿੰਦਰ ਮੋਦੀ ਮੁਤਾਬਕ ਲੋਕਾਂ ਦੀ ਭਾਸ਼ਾ ਵਿੱਚ ਨਿਆਂ ਹੋਣਾ ਚਾਹੀਦੈ



ਨਵੀਂ ਦਿੱਲੀ, 1 ਮਈ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਵਿੱਚ ਅੰਗਰੇਜ਼ੀ ਵਿੱਚ ਕਾਰਵਾਈ ਚੱਲਣ ਅਤੇ ਹੁਕਮਾਂ ਤੋਂ ਆਮ ਲੋਕਾਂ ਨੂੰ ਸਮਝਣ ਵਿੱਚ ਹੋਣ ਵਾਲੀਆਂ ਦਿੱਕਤਾਂ ਨੂੰ ਹੱਲ ਕਰਨ ਤੇ ਵਿਵਸਥਾ ਨੂੰ ਸੌਖਾ ਕਰਨ ਲਈ ਸਥਾਨਕ ਭਾਸ਼ਾ ਨੂੰ ਉਤਸ਼ਾਹਤ ਕਰਨ ਦੀ ਪੈਰਵੀ ਕੀਤੀ ਹੈ।

ਕੱਲ੍ਹ ਏਥੇ ਮੁੱਖ ਮੰਤਰੀਆਂ ਅਤੇ ਹਾਈ ਕੋਰਟਾਂ ਦੇ ਚੀਫ ਜੱਜਾਂ ਦੇ ਸੰਮੇਲਨ ਦਾ ਉਦਘਾਟਨ ਕਰਦੇ ਹੋਏ ਨਰਿੰਦਰ ਮੋਦੀ ਨੇ ਕਿਹਾ ਕਿ ਕਿਸੇ ਵੀ ਦੇਸ਼ ਵਿੱਚ ਸਵਰਾਜ ਦਾ ਆਧਾਰ ਨਿਆਂ ਹੁੰਦਾ ਹੈ ਅਤੇ ਨਿਆਂ ਜਨਤਾ ਨਾਲ ਜੁੜਿਆ ਹੋਇਆ ਹੋਣਾ ਚਾਹੀਦਾ ਹੈ। ਜਦੋਂ ਤਕ ਨਿਆਂ ਨੂੰ ਸਾਧਾਰਨ ਮਨੁੱਖ ਨਹੀਂ ਸਮਝਦਾ, ਉਸ ਦੇ ਲਈ ਨਿਆਂ ਤੇ ਸਰਕਾਰੀ ਹੁਕਮ ਵਿੱਚ ਫਰਕ ਨਹੀਂ ਹੁੰਦਾ।ਪ੍ਰਧਾਨ ਮੰਤਰੀ ਨੇ ਕਿਹਾ ਕਿ ਇੱਕ ਵੱਡੀ ਆਬਾਦੀ ਨੂੰ ਨਿਆਂ ਪ੍ਰਕਿਰਿਆ ਤੋਂ ਲੈ ਕੇ ਫੈਸਲਿਆਂ ਤਕ ਨੂੰ ਸਮਝਣਾ ਮੁਸ਼ਕਲ ਹੈ। ਅਦਾਲਤਾਂ ਵਿੱਚ ਲੋਕਲ ਭਾਸ਼ਾਵਾਂ ਨੂੰ ਉਤਸ਼ਾਹਤ ਕਰਨ ਦੀ ਲੋੜ ਹੈ। ਇਸ ਨਾਲ ਦੇਸ਼ ਦੇ ਸਾਧਾਰਨ ਲੋਕਾਂ ਦਾ ਨਿਆਂ ਪ੍ਰਣਾਲੀ ਵਿੱਚ ਭਰੋਸਾ ਵਧੇਗਾ ਅਤੇ ਉਹ ਉਸ ਨਾਲ ਜੁੜਿਆ ਮਹਿਸੂਸ ਕਰਨਗੇ।

ਇਸ ਪ੍ਰੋਗਰਾਮ ਵਿੱਚ ਬੋਲਦਿਆਂ ਚੀਫ ਜਸਟਿਸ ਐਨ ਵੀ ਰਮੰਨਾ ਨੇ ਨਿਆਂ ਪ੍ਰਣਾਲੀ ਦੇ ਭਾਰਤੀਕਰਨ ਉੱਤੇ ਜ਼ੋਰ ਦਿੱਤਾ ਤੇ ਹਾਈ ਕੋਰਟਾਂ ਵਿੱਚਲੋਕਲ ਭਾਸ਼ਾ ਉੱਤੇ ਕਾਰਵਾਈ ਦੀ ਲੋੜ ਦੱਸੀ। ਜਸਟਿਸ ਰਮੰਨਾ ਨੇ ਕਿਹਾ, "ਮੈਨੂੰ ਹਾਈ ਕੋਰਟਾਂ ਵਿੱਚਲੋਕਲ ਭਾਸ਼ਾਵਾਂ ਵਿੱਚ ਕਾਰਵਾਈ ਲਈ ਕਈ ਮੰਗ ਪੱਤਰ ਮਿਲੇ ਹਨ। ਮੈਨੂੰ ਲੱਗਦਾ ਹੈ ਕਿ ਸਮਾਂ ਆ ਗਿਆ ਹੈ ਕਿ ਇਸ ਬਾਰੇ ਵਿਚਾਰ ਕੀਤਾ ਜਾਵੇ।"ਇਸ ਦੇ ਬਾਅਦ ਪ੍ਰਧਾਨ ਮੰਤਰੀ ਨੇ ਆਮ ਲੋਕਾਂ ਦੀ ਸਮਝ ਤੋਂ ਪਰੇ ਮੁਸ਼ਕਲ ਕਾਨੂੰਨੀ ਭਾਸ਼ਾ ਨੂੰ ਸੌਖੀ ਬਣਾਉਣ ਦੀ ਲੋੜ ਤੇ ਉਸ ਲਈ ਕੀਤੀਆਂ ਜਾਂਦੀਆਂ ਕੋਸ਼ਿਸ਼ਾਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਕਈ ਦੇਸ਼ਾਂ ਵਿੱਚ ਕਾਨੂੰਨ ਬਣਦਾ ਹੈ ਤਾਂ ਉਸ ਦਾ ਇੱਕ 'ਵਰਜ਼ਨ' ਕਾਨੂੰਨੀ ਸ਼ਬਦਾਵਲੀ ਵਿੱਚ ਹੁੰਦਾ ਹੈ ਅਤੇ ਕਾਨੂੰਨ ਦਾ ਇੱਕ 'ਵਰਜ਼ਨ' ਸਾਧਾਰਨ ਲੋਕਾਂ ਦੀ ਭਾਸ਼ਾ ਵਿੱਚ ਹੁੰਦਾ ਹੈ। ਦੋਵੇਂ ਪ੍ਰਵਾਨ ਹੁੰਦੇ ਹਨ। ਇਸ ਲਈ ਸਾਧਾਰਨ ਮਨੁੱਖ ਨੂੰ ਕਾਨੂੰਨੀ ਚੀਜ਼ਾਂ ਸਮਝਣ ਲਈ ਨਿਆਂ ਦਾ ਦਰਵਾਜ਼ਾ ਖੜਕਾਉਣ ਦੀ ਜ਼ਰੂਰਤ ਨਹੀਂ ਪੈਂਦੀ।

## ਈ ਡੀ ਵੱਲੋਂ ਸ਼ਾਓਮੀ ਦੀ 5551 ਕਰੋੜ ਰੁਪਏ ਦੀ ਰਾਸ਼ੀ ਜ਼ਬਤ



ਨਵੀਂ ਦਿੱਲੀ, 1 ਮਈ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਕੱਲ੍ਹ ਕਿਹਾ ਕਿ ਵਿਦੇਸ਼ੀ ਕਰੰਸੀਬਾਰੇ ਭਾਰਤੀ ਕਾਨੂੰਨ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ ਚੀਨੀ ਮੋਬਾਈਲ ਫੋਨ ਕੰਪਨੀ ਸ਼ਾਓਮੀ ਇੰਡੀਆ ਦੀ 5551 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਜ਼ਬਤ ਕੀਤੀ ਗਈ ਹੈ। ਈ ਡੀ ਨੇ ਇਹ ਕਾਰਵਾਈ ਦ ਸ਼ਾਓਮੀ ਟੈਕਨਾਲੋਜੀ ਇੰਡੀਆ ਦੇ ਖਿਲਾਫ ਕੀਤੀ ਹੈ। ਕੰਪਨੀ ਨੂੰ ਸ਼ਾਓਮੀ ਇੰਡੀਆ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ, ਜੋ ਭਾਰਤ ਵਿੱਚ ਐਮ ਆਈ ਬ੍ਰਾਂਡ ਨਾਲ ਮੋਬਾਈਲ ਫੋਨ ਦਾ ਕਾਰੋਬਾਰ ਕਰਦੀ ਹੈ।

ਇਸ ਸੰਬੰਧ ਵਿੱਚ ਈ ਡੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਚੀਨ ਦੇ ਸ਼ਾਓਮੀ ਗਰੁੱਪ ਦੀ ਪੂਰੀ ਮਾਲਕੀ ਵਾਲੀ ਸਹਾਇਕ ਕੰਪਨੀ ਸ਼ਾਓਮੀ ਇੰਡੀਆਦੇ ਬੈਂਕ ਖਾਤਿਆਂ ਵਿੱਚ ਪਈ 5551.27 ਕਰੋੜ ਰੁਪਏ ਦੀ ਰਾਸ਼ੀ ਜ਼ਬਤ ਕੀਤੀ ਗਈ ਹੈ। ਚੀਨੀ ਫਰਮ ਵੱਲੋਂ ਫਰਵਰੀ ਵਿੱਚ ਗੈਰ ਕਾਨੂੰਨੀ ਤਰੀਕੇ ਨਾਲ ਵਿਦੇਸ਼ ਪੈਸਾ ਭੇਜਣ ਦੇ ਸਬੰਧ ਵਿੱਚ ਕੰਪਨੀ ਖਿਲਾਫ ਏਜੰਸੀ ਨੇ ਜਾਂਚ ਸ਼ੁਰੂ ਕੀਤੀ ਸੀ। ਉਸੇ ਸੰਬੰਧ ਵਿੱਚ ਵਿਦੇਸ਼ੀ ਕਰੰਸੀ ਮੈਨੇਜਮੈਂਟ ਐਕਟ (ਫੇਮਾ) ਦੀਆਂ ਸਬੰਧਤ ਧਾਰਾਵਾਂ ਹੇਠ ਰਕਮ ਜ਼ਬਤ ਕੀਤੀ ਗਈ ਹੈ। ਸ਼ਾਓਮੀ ਨੇ 2014 ਵਿੱਚ ਭਾਰਤ ਵਿੱਚ ਕਾਰੋਬਾਰ ਸ਼ੁਰੂ ਕੀਤਾ ਸੀ ਤੇ ਅਗਲੇ ਸਾਲ ਤੋਂ ਵਿਦੇਸ਼ ਪੈਸਾ ਭੇਜਣ ਲੱਗ ਪਈ ਸੀ। ਈ ਡੀ ਦੇ ਬਿਆਨ ਮੁਤਾਬਕ ਗਰੁੱਪ ਦੀਆਂ ਸੰਸਥਾਵਾਂ ਲਈ ਬਣਾਏ ਗਏ ਵੱਖ-ਵੱਖ ਦਸਤਾਵੇਜ਼ਾਂ ਦੀ ਆੜ ਵਿੱਚ ਇਹ ਰਕਮ ਵਿਦੇਸ਼ ਭੇਜੀ ਗਈ, ਜਿਹੜੀ ਫੇਮਾ ਦੀ ਧਾਰਾ ਚਾਰ ਦੀ ਉਲੰਘਣਾ ਹੈ। ਈ ਡੀ ਨੇ ਕੰਪਨੀ ਉੱਤੇ ਵਿਦੇਸ਼ ਪੈਸਾ ਭੇਜਦੇ ਸਮੇਂ ਬੈਂਕਾਂ ਨੂੰ ਗੁਮਰਾਹਕੁੰਨ ਸੂਚਨਾ ਦੇਣ ਦਾ ਵੀ ਦੋਸ਼ ਲਾਇਆ ਹੈ।

## ਪ੍ਰਦੂਸ਼ਣ ਕਾਰਨ ਭਾਰਤ ਵਿੱਚ ਅਸਥਮਾ ਦੇ ਤਿੰਨ ਕਰੋੜ ਮਰੀਜ਼



ਨਵੀਂ ਦਿੱਲੀ, 1 ਮਈ (ਪੋਸਟ ਬਿਊਰੋ)- ਭਾਰਤ ਵਿੱਚ ਪਿਛਲੇ ਕਈ ਸਾਲਾਂ ਤੋਂ ਅਸਥਮਾ ਕੇਸ ਲਗਾਤਾਰ ਵਧ ਰਹੇ ਹਨ। ਹਾਲਤ ਇਹ ਹੈ ਕਿ ਪੂਰੇ ਸੰਸਾਰ ਦੇ ਅਸਥਮਾ ਮਰੀਜ਼ਾਂ ਦਾ ਦਸਵਾਂ ਹਿੱਸਾ ਭਾਰਤ ਵਿੱਚ ਹੈ।

ਇਹ ਅੰਕੜੇ ਵਿਸ਼ਵ ਸਿਹਤ ਸੰਗਠਨ ਨੇ ਜਾਰੀ ਕੀਤੇ ਹਨ। ਡਾਕਟਰਾਂ ਮੁਤਾਬਕ ਦੇਸ਼ ਵਿੱਚ ਅਸਥਮਾ ਕੇਸ ਵਧਣ ਦਾ ਪ੍ਰਮੁੱਖ ਕਾਰਨ ਹਵਾ ਪ੍ਰਦੂਸ਼ਣ, ਓਜ਼ੋਨ ਗੈਸ ਦਾ ਵਧਣਾ ਤੇ ਜੀਵਨ-ਸ਼ੈਲੀ ਹੈ। ਵਰਨਣ ਯੋਗ ਹੈ ਕਿ ਭਾਰਤ ਵਿੱਚ ਇਸ ਵੇਲੇ ਕਰੀਬ ਤਿੰਨ ਕਰੋੜ ਅਸਥਮਾ ਦੇ ਮਰੀਜ਼ ਹਨ।ਸਰ ਗੰਗਾ ਰਾਮ ਹਸਪਤਾਲ ਦੇ ਸੀਨੀਅਰ ਡਾਕਟਰ ਬੌਬੀ ਮਲਹੋਤਰਾ ਨੇ ਦੱਸਿਆ ਕਿ ਅਸਥਮਾ ਸਾਹ ਨਾਲ ਸਬੰਧਤ ਗੰਭੀਰ ਬਿਮਾਰੀ ਹੈ, ਜਿਸ ਨਾਲ ਸਾਹ ਦੀ ਨਾੜੀ ਵਿੱਚ ਸੋਜ ਆ ਕੇ ਮਰੀਜ਼ ਨੂੰ ਸਾਹ ਲੈਣ ਵਿੱਚ ਪ੍ਰੇਸ਼ਾਨੀ ਹੁੰਦੀ ਹੈ। ਕਈ ਕੇਸਾਂ ਵਿੱਚ ਸੀਨੇ ਵਿੱਚ ਜਕੜਨ ਅਤੇ ਰਾਤ ਨੂੰ ਸੌਂਦੇ ਸਮੇਂ ਸਾਹ ਲੈਣ ਵਿੱਚ ਤਕਲੀਫ ਹੁੰਦੀ ਹੈ। ਡਾਕਟਰ ਬੌਬੀ ਨੇ ਦੱਸਿਆ ਕਿ ਵਿਸ਼ਵ ਸਿਹਤ ਸੰਗਠਨ ਦੇ ਤਾਜ਼ਾ ਅੰਕੜਿਆਂ ਮੁਤਾਬਕ ਸਾਹ ਦੀਆਂ ਗੰਭੀਰ ਬਿਮਾਰੀਆਂ ਕਾਰਨ ਮੌਤ ਦੇ ਮਾਮਲੇ ਵਿੱਚ ਚੀਨ ਦੇ ਬਾਅਦ ਭਾਰਤ ਦਾ ਨੰਬਰ ਹੈ।ਅੰਕੜੇ ਦੱਸਦੇ ਹਨ ਕਿ ਸੰਸਾਰ ਵਿੱਚ ਅਸਥਮਾ ਦੇ 10 ਫੀਸਦੀ ਕੇਸ ਭਾਰਤ ਵਿੱਚ ਹਨ, ਜਿਨ੍ਹਾਂ ਵਿੱਚੋਂ 15 ਫੀਸਦੀ ਕੇਸ ਬੱਚਿਆਂ ਦੇ ਹਨ। ਸੰਸਾਰ ਪੱਧਰ ਉੱਤੇ ਕੀਤੇ ਗਏ ਸਰਵੇ ਮੁਤਾਬਕ ਸੰਸਾਰ ਦੇ ਸਿਖਰਲੇ 20 ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿੱਚ 13ਵਾਂ ਥਾਂ ਭਾਰਤ ਦਾ ਹੈ।ਦਿੱਲੀ-ਐਨ ਸੀ ਆਰ, ਪਟਨਾ, ਗਵਾਲੀਅਰ ਅਤੇ ਰਾਏਪੁਰ ਵਿੱਚ ਪ੍ਰਦੂਸ਼ਤ ਕਣਾਂ (ਪੀ ਐਮ 2.5) ਦੀ ਸਭ ਤੋਂ ਵੱਧ ਮਾਤਰਾ ਹੈ, ਜੋ ਸਾਹ ਦੀ ਨਾੜੀ ਅਤੇ ਫੇਫੜਿਆਂ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਉਂਦੇ ਹੋਏ ਅਸਥਮਾ, ਬਰੋਨਕਾਈਟਿਸ, ਦਿੱਲ ਦੇ ਰੋਗ, ਸਟਰੋਕ ਅਤੇ ਹੋਰ ਕਈ ਰੋਗਾਂ ਦਾ ਕਾਰਨ ਬਣਦੇ ਹਨ

## ਪੋਰਨ ਦੇਖਣ ਵਾਲੇ ਐਮ ਪੀ ਵੱਲੋਂ ਅਸਤੀਫਾ



ਲੰਡਨ, 1 ਮਈ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਕੰਜ਼ਰਵੇਟਿਵ ਪਾਰਟੀ ਦੇ ਪਾਰਲੀਮੈਂਟ ਮੈਂਬਰ ਨੇ ਅਸਤੀਫਾ ਦੇ ਦਿੱਤਾ ਹੈ। ਉਸ ਨੇ ਹਾਊਸ ਆਫ ਕਾਮਨਜ਼ ਚੈਂਬਰ ਵਿੱਚ ਆਪਣੇ ਫੋਨ ਉਤੇ ਪੋਰਨੋਗਰਾਫੀ ਦੇਖਣ ਦੀ ਗੱਲ ਸਵੀਕਾਰ ਕਰਨ ਤੋਂ ਬਾਅਦ ਇਹ ਕਦਮ ਚੁੱਕਿਆ ਹੈ। ਸਾਲ2010 ਤੋਂ ਪਾਰਲੀਮੈਂਟ ਮੈਂਬਰ ਨੋਇਲ ਪੈਰਿਸ਼ ਨੇ ਆਪਣੀ ਪਾਰਟੀ ਦੇ ਮੈਂਬਰਾਂ ਵੱਲੋਂ ਦਬਾਅ ਤੋਂ ਬਾਅਦ ਕੱਲ੍ਹ ਅਸਤੀਫਾਦੇਣ ਦਾ ਐਲਾਨ ਕੀਤਾ।

ਇਸ ਪੰਜ ਮਈ ਨੂੰ ਬ੍ਰਿਟੇਨ ਵਿੱਚਹੋਣ ਵਾਲੀਆਂ ਲੋਕਲ ਬਾਡੀਜ਼ ਚੋਣਾਂ ਤੋਂਪਹਿਲਾਂ ਪੈਰਿਸ਼ ਨੇ ਦੋਸ਼ਾਂ ਨੂੰ ਰੱਦ ਕਰਨ ਦਾ ਬਿਆਨ ਦਿੱਤਾ ਸੀ। ਇਨ੍ਹਾਂ ਚੋਣਾਂ ਨੂੰ ਕੰਜ਼ਰਵੇਟਿਵ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਲਈ ਅਹਿਮ ਮੰਨਿਆ ਜਾਂਦਾ ਹੈ। ਪ੍ਰਧਾਨ ਮੰਤਰੀ ਪਹਿਲਾਂ ਤੋਂ ਹੀ ਸਰਕਾਰੀ ਦਫਤਰ ਵਿੱਚ ਕੋਰੋਨਾ ਮਹਾਮਾਰੀ ਦੌਰਾਨ ਲਾਗੂ ਲਾਕਡਾਊਨ ਵਿੱਚ ਪਾਰਟੀਆਂ ਕਰਨ ਨੂੰ ਲੈ ਕੇ ਵੋਟਰਾਂ ਦੀ ਨਾਰਾਜ਼ਗੀ ਦਾ ਸਾਹਮਣਾ ਕਰ ਰਹੇ ਹਨ।65 ਸਾਲਾ ਨੀਲ ਪੈਰਿਸ਼ ਨੇ ਆਪਣੀ ਗਤੀਵਿਧੀ ਨੂੰ 'ਪਾਗਲਪਨ' ਕਰਾਰ ਦੇਣ ਪਿੱਛੋਂ ਅਸਤੀਫਾ ਦਿੱਤਾ। ਉਨ੍ਹਾਂ ਕਿਹਾ ਕਿ ਉਹ ਇੱਕ ਟਰੈਕਟਰ ਵੈਬਸਾਈਟ ਦੇਖਣ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਉਸੇ ਨਾਂਅ ਦੀ ਵੈਬਸਾਈਟ ਸਾਹਮਣੇ ਆ ਗਈ ਤੇ ਉਨ੍ਹਾਂ ਨੇ ਥੋੜ੍ਹੀ ਦੇਰ ਲਈ ਦੇਖੀ ਸੀ।

## ਅਗਵਾਕਾਰਾਂ ਤੋਂ ਬਚ ਕੇ ਨਿਕਲੀ ਹਿੰਦੂ ਲੜਕੀ ਮੁੜ ਕੇ ਅਗਵਾ



ਲਾਹੌਰ, 1 ਮਈ (ਪੋਸਟ ਬਿਊਰੋ)- ਪਾਕਿਸਤਾਨ ਦੇ ਸਿੰਧ ਸੂਬੇ ਦੀ ਹਿੰਦੂ ਲੜਕੀ ਆਪਣੇ ਅਗਵਾਕਾਰਾਂ ਤੋਂ ਬੀਤੇ ਸਾਲ ਮੁਕਤ ਹੋਣ ਵਿੱਚ ਸਫਲ ਹੋ ਗਈ ਸੀ, ਪਰ ਉਸ ਨੂੰ ਫਿਰ ਅਗਵਾ ਕਰ ਕੇ ਉਸ ਦਾ ਅਗਵਾਕਾਰ ਨਾਲ ਹੀ ਜ਼ਬਰਦਸਤੀ ਨਿਕਾਹ ਕਰ ਦਿੱਤਾ ਗਿਆ ਹੈ, ਜਿਸ ਬਾਰੇ ਹਿੰਦੂ ਭਾਈਚਾਰੇ ਵਿੱਚ ਰੋਸ ਹੈ।

ਜਾਣਕਾਰ ਸੂਤਰਾਂ ਅਨੁਸਾਰ ਸਿੰਧ ਸੂਬੇ ਦੇ ਸ਼ਹਿਰ ਘੋਟਕੀ ਤੋਂ 16 ਸਤੰਬਰ 2020 ਨੂੰ ਹਿੰਦੂ ਲੜਕੀ ਕਵਿਤਾ ਮੇਗਵਾਰ ਨੂੰ ਅਗਵਾ ਕਰ ਕੇ ਉਸ ਦਾ ਜ਼ਬਰਦਸਤੀ ਨਾਂਅ ਬਦਲ ਕੇ ਮਾੜੀ ਬਲੋਚ ਨਾਂਅ ਦੇ ਮੁਸਲਮਾਨ ਨੌਜਵਾਨ ਨਾਲ ਨਿਕਾਹ ਕਰ ਦਿੱਤਾ ਗਿਆ ਸੀ। ਕਵਿਤਾ ਨੇ ਉਦੋਂ ਅਦਾਲਤ ਵਿੱਚ ਆਪਣੀ ਮਰਜ਼ੀ ਨਾਲ ਨਿਕਾਹ ਕਰਨ ਦਾ ਬਿਆਨ ਦਿੱਤਾ ਸੀ, ਪਰ ਮਾਰਚ 2021 ਨੂੰ ਕਵਿਤਾ ਨੇ ਆਪਣੇ ਸਹੁਰੇ ਘਰ ਦੀ ਛੱਤ ਤੋਂ ਝੰਡਾ ਫਹਿਰਾ ਕੇ ਉਸ ਨੂੰ ਕੈਦ ਤੋਂ ਛੁਡਾਉਣ ਦੀ ਆਵਾਜ਼ ਦਿੱਤੀ ਸੀ। ਅਦਾਲਤ ਦੇ ਹੁਕਮਾਂ ਉੱਤੇ ਕਵਿਤਾ ਨੂੰ ਪੁਲਸ ਨੇ ਬਰਾਮਦ ਕਰ ਕੇ ਉਸ ਦੇ ਮਾਂ-ਬਾਪ ਨੂੰ ਸੌਂਪ ਦਿੱਤਾ ਸੀ। ਬੀਤੇ ਦਿਨੀਂ ਕਵਿਤਾ ਮੇਗਵਾਰ ਨੂੰ ਫਿਰ ਅਨਵਰ ਸੋਲੰਕੀ ਨੇ ਅਗਵਾ ਕਰ ਕੇ ਨਿਕਾਹ ਕਰ ਲਿਆ ਹੈ।

## ਮਾਤਾ-ਪਿਤਾ ਵੱਲੋਂ 'ਬ੍ਰੇਨ ਡੈੱਡ' ਬੇਟੀ ਦੇ ਅੰਗਦਾਨ




ਨਵੀਂ ਦਿੱਲੀ, 1 ਮਈ (ਪੋਸਟ ਬਿਊਰੋ)- ਏਮਜ਼ (ਆਲ ਇੰਡੀਆ ਮੈਡੀਕਲ ਇੰਸਟੀਚਿਊਟ) ਦੇ ਟਰਾਮਾ ਸੈਂਟਰ ਵਿੱਚ ਦਿਮਾਗੀ ਰੂਪ ਤੋਂ ਮ੍ਰਿਤਕ (ਬ੍ਰੇਨ ਡੈੱਡ) ਐਲਾਨੀ ਗਈ ਛੇ ਸਾਲਾ ਲੜਕੀ ਦੇ ਮਾਂ-ਬਾਪ ਨੇ ਉਸ ਦਾ ਦਿਲ, ਲੀਵਰ, ਗੁਰਦੇ ਅਤੇ ਅੱਖਾਂ (ਕੋਰਨੀਆ) ਦਾਨ ਕਰ ਦਿੱਤੇ ਹਨ।ਨਿਊਰੋਸਰਜਰੀ ਵਿਭਾਗ ਦੇ ਮੁਤਾਬਕ ਲਖਨਊ ਦੇ ਸੱਤ ਸਾਲਾ ਬੱਚੇ ਦਾ ਲੀਵਰ ਟਰਾਂਸਪਲਾਂਟ ਕੀਤਾ ਜਾਏਗਾ, ਜੋ ਦਿੱਲੀ ਦੇ ਇੱਕ ਹੋਰ ਹਸਪਤਾਲ ਵਿੱਚ ਭਰਤੀ ਹੈ। ਦਿੱਲ ਲਈ ਬਰਾਬਰ ਉਮਰ ਦਾ ਕੋਈ ਜ਼ਰੂਰਤਮੰਦ ਨਹੀਂ ਮਿਲਿਆ ਅਤੇ ਇਸ ਦਾ ਵਾਲਵ ਬਾਅਦ ਵਿੱਚ ਵਰਤੋਂ ਲਈ ਰੱਖ ਲਿਆ ਹੈ। ਦੋਵਾਂ ਗੁਰਦਿਆਂ ਨੂੰ ਸ਼ੁੱਕਰਵਾਰ ਰਾਤ ਇੱਕ ਹੋਰ ਬੱਚੇ ਵਿੱਚ ਟਰਾਂਸਪਲਾਂਟ ਕਰਨ ਦੇ ਬਾਅਦ ਦੋਵਾਂ ਕੋਰਨੀਆ ਨੂੰ ਵੀ ਦੋ ਬੱਚਿਆਂ ਦੇ ਲਈ ਟਰਾਂਸਪਲਾਂਟ ਕੀਤਾ ਜਾਏਗਾ। ਇਹ ਡਾਕਟਰਾਂ ਦੀ ਮਿਹਨਤ ਅਤੇ ਮਾਂ-ਬਾਪ ਦੇ ਫੈਸਲੇ ਦਾ ਨਤੀਜਾ ਹੈ।

ਲੜਕੀ ਨੂੰ 28 ਅਪ੍ਰੈਲ ਸਵੇਰੇ ਟਰਾਮਾ ਸੈਂਟਰ ਦੇ ਨਿਊਰੋਸਰਜਰੀ ਵਿਭਾਗ ਵਿੱਚ ਭਰਤੀ ਕਰਾਇਆ ਗਿਆ ਸੀ। ਡਾਕਟਰ ਨੇ ਕਿਹਾ ਕਿ ਉਸ ਦੀ ਹਾਲਤ ਗੰਭੀਰ ਹੈ ਅਤੇ ਸਿਟੀ ਸਕੈਨ ਵਿੱਚ ਉਸ ਦੇ ਸਿਰ ਵਿੱਚ ਗੋਲੀ ਦਿੱਸੀ ਸੀ। ਜਾਂਚ ਦੇ ਬਾਅਦ ਸ਼ੁੱਕਰਵਾਰ ਸਵੇਰੇ 11 ਵੱਜ ਕੇ ਚਾਲੀ ਮਿੰਟ ਉੱਤੇ ਉਸ ਨੂੰ ਦਿਮਾਗੀ ਰੂਪ ਤੋਂ ਮ੍ਰਿਤਕ ਐਲਾਨ ਦਿੱਤਾ ਗਿਆ।

ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:

01191-9779100149



ਸ਼ਗਨਾਂ ਵਾਲੀ ਥੈਲੀ





ਡੀਜ਼ਾਈਨਰ ਸੂਟ



ਸ਼ਾਲ

ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?



BOOK YOUR FREE CONSULTATION



ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਹੁੰਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION

# ਸਾਹਿਤਕਾਰਾਂ ਨਾਲ ਰੂਬਰੂ ਹੋਏ ਵਿਦਿਆਰਥੀ

ਪਠਾਨਕੋਟ 1 ਮਈ ( ਗਿਆਨ ਸਿੰਘ) ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚਲ ਰਹੇ ਪਠਾਨਕੋਟ ਜ਼ਿਲੇ ਦੇ ਮੋਹਰੀ ਕਾਲਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਸੁਜਾਨਪੁਰ ਦੇ ਪੰਜਾਬੀ ਵਿਭਾਗ ਵਲੋਂ ਬਣਾਏ ਪੰਜਾਬੀ ਭਾਸ਼ਾ ਮੰਚ ਅਧੀਨ ਵਿਦਿਆਰਥੀ ਜਿਲ੍ਹਾ ਭਾਸ਼ਾ ਅਫ਼ਸਰ ਦੇ ਦਫ਼ਤਰ ਪਠਾਨਕੋਟ ਦੇ ਸਹਿਯੋਗ ਨਾਲ ਕਰਵਾਏ ਸਮਾਗਮ ਵਿਚ ਇਲਾਕੇ ਦੇ ਪ੍ਰਸਿੱਧ ਸਾਹਿਤਕਾਰਾਂ ਨਾਲ ਰੂ ਬ ਰੂ ਹੋਏ। ਜ਼ਿਕਰਯੋਗ ਹੈ ਕਿ ਕਾਲਜ ਪ੍ਰਿੰਸੀਪਲ ਡਾ. ਰਾਕੇਸ਼ ਮੋਹਨ ਸ਼ਰਮਾ ਦੀ ਯੋਗ ਅਗਵਾਈ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸੁਰੇਸ਼ ਸ਼ਰਮਾ ਦੇ ਉੱਦਮ ਨਾਲ ਹੋਏ ਇਸ ਰੂ ਬ ਰੂ ਵਿਚ ਸ਼੍ਰੀ ਯਸ਼ ਪਾਲ ਸ਼ਰਮਾ ਅਤੇ ਦੋਹੜਿਆਂ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ ਸ਼੍ਰੀ ਫਰਤੂਲ ਚੰਦ ਫੱਕਰ ਨੇ ਆਪਣੇ ਜੀਵਨ,ਸਾਹਿਤ ਰਚਨਾਕਾਰੀ,ਸਿਰਜਣਾ ਦੇ ਪਲਾਂ ਅਤੇ ਸਿਰਜਣਾਂ ਦੇ ਦੌਰਾਨ ਵਾਪਰਨ ਵਾਲੇ



ਅਨੋਖੇ ਅਨੁਭਵਾਂ ਤੋ ਵਿਦਿਆਰਥੀਆਂ ਨੂੰ ਅਵਗਤ ਕਰਵਾਇਆ। ਸ਼੍ਰੀ ਯਸ਼ ਪਾਲ ਸ਼ਰਮਾ ਦੇ ਜੀਵਨ ਬਾਰੇ ਉਹਨਾਂ ਦੇ ਪਰਮ ਸਨੇਹੀ ਡਾ. ਕੇਵਲ ਕ੍ਰਿਸ਼ਨ ਨੇ ਵਿਸਤਰਿਤ ਜਾਣਕਾਰੀ ਦਿੱਤੀ। ਉਹਨਾਂ ਦਸਿਆ ਕਿ ਕਿਵੇਂ ਯਸ਼ ਪਾਲ ਸ਼ਰਮਾ ਜੋ ਕਿ ਪਹਿਲਾਂ ਹਿੰਦੀ ਨਾਵਲਕਾਰੀ ਵਿਚ ਇਕ ਅਹਿਮ ਮੁਕਾਮ ਹਾਸਲ ਕਰ ਚੁਕੇ ਸਨ, ਆਪਣੇ ਨਾਵਲ ਹੰਝੂਆਂ ਦੇ ਹੜ੍ਹ ਨਾਲ ਪੰਜਾਬੀ ਨਾਵਲਕਾਰੀ ਵਿਚ ਪ੍ਰਵੇਸ਼ ਕਰਦੇ ਹਨ। ਸ਼੍ਰੀ ਯਸ਼ਪਾਲ ਸ਼ਰਮਾ ਨੇ ਆਪਣੇ ਸਿਰਜਣਾ ਦੇ ਪਲਾਂ ਨਾਲ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਸ਼੍ਰੀ ਫਰਤੂਲ ਚੰਦ ਫੱਕਰ ਜੋ ਕਿ ਪੰਜਾਬੀ ਭਾਸ਼ਾ ਵਿਚ ਸਭ ਤੋਂ ਵੱਧ ਦੋਹੜੇ ਰਚਨ ਵਾਲੇ ਪ੍ਰੋੜ ਸਾਹਿਤਕਾਰ ਹਨ ਨੇ ਵੀ ਵਿਦਿਆਰਥੀਆਂ ਨਾਲ ਆਪਣੀ ਜ਼ਿੰਦਗੀ ਦੀ ਸਾਂਝ ਪਾਈ। ਪ੍ਰਿੰਸੀਪਲ ਡਾ. ਰਾਕੇਸ਼ ਮੋਹਨ ਸ਼ਰਮਾ ਨੇ ਇਸ ਮੋਕੇ ਨੂੰ ਵਿਦਿਆਰਥੀ ਜੀਵਣ ਵਿਚ ਬਹੁਤ ਹੀ ਅਹਿਮ ਅਤੇ ਮੁੱਲਵਾਨ ਦੱਸਿਆ ਉਹਨਾਂ ਕਿਹਾ ਕਿ ਭਾਸ਼ਾ ਅਤੇ ਸਾਹਿਤ ਜੀਵਨ ਦੀਆਂ ਮੁੱਲਵਾਨ ਪ੍ਰਾਪਤੀਆਂ ਹਨ ਅਤੇ ਇਹਨਾਂ ਨਾਲ ਮਨੁੱਖ ਨਾ ਕੇਵਲ ਆਪਣੇ ਬਲਕਿ ਦੂਜੇ ਲੋਕਾਂ ਦੇ ਜੀਵਨ ਬਾਰੇ ਜਾਣ ਕੇ ਬੜਾ ਕੁੱਝ ਨਵਾਂ ਸਿੱਖ ਸਕਦਾ ਹੈ। ਜ਼ਿਲ੍ਹਾ ਭਾਸ਼ਾ ਅਫ਼ਸਰ ਨੇ ਮਹਿਮਾਨ ਸਾਤਿਕਾਰਾਂ ਦਾ ਇਸ ਸਮਾਗਮ ਵਿਚ ਪੁੱਜਣ ਤੇ ਬਹੁਤ ਧੰਨਵਾਦ ਕੀਤਾ ਅਤੇ ਕਾਲਜ ਪ੍ਰਿੰਸੀਪਲ ਅਤੇ ਪੰਜਾਬੀ ਵਿਭਾਗ ਦੀ ਵੀ ਸ਼ਲਾਘਾ ਕੀਤੀ ਕਿ ਉਹਨਾਂ ਅਜਿਹੇ ਸਮਾਗਮ ਰਚਾਉਣ ਵਿਚ ਉਹਨਾਂ ਦਾ ਸਾਥ ਦਿੱਤਾ। ਇਸ ਸਮੁੱਚੇ ਸਮਾਗਮ ਵਿਚ ਡਾ. ਵਿਸ਼ਾਲ ਕੁਮਾਰ ਨੇ ਸੂਤਰਧਾਰ ਦੀ ਭੂਮਿਕਾ ਨਿਭਾਈ। ਇਸ ਮੌਕੇ ਪੰਜਾਬੀ ਵਿਭਾਗ ਦੇ ਪ੍ਰਾ/ਅਧਿਆਪਕ ਪ੍ਰੋ. ਗੁਰਜੀਤ ਕੋਰ, ਪ੍ਰੋ. ਸੁਖਦੀਪ ਕੌਰ, ਪ੍ਰੋ. ਗੀਤਾਂਜਲੀ ਤੋ ਇਲਾਵਾ ਪ੍ਰੋ. ਸੁਖਜਿੰਦਰ ਕੌਰ, ਪ੍ਰੋ. ਅਰਜੁਨ ਸਿੰਘ, ਪ੍ਰੋ. ਜਸ਼ਨਜੋਤ ਸਿੰਘ ਜੋਹਲ, ਪ੍ਰੋ. ਓਮ ਪ੍ਰਕਾਸ਼ ਪੰਕਜ ਆਦਿ ਹਾਜਰ ਸਨ।

# ਪਾਨੀਪਤ ਦੀਆਂ ਹਾਰੀਆਂ ਤਿੰਨ ਲੜਾਈਆਂ ਸਕੂਲਾਂ ’ਚ ਪੜ੍ਹਾਈਆਂ ਜਾਂਦੀਆਂ ਹਨ ਪਰ ਸਰਹਿੰਦ ਦੀ ਫਤਿਹ ਨਹੀ: ਬਾਵਾ

*14 ਮਈ ਨੂੰ ਰਕਬਾ ਭਵਨ ਤੋਂ ਲੁਧਿਆਣਾ- ਸਮਰਾਲਾ- ਮੋਰਿੰਡਾ- ਖਰੜ- ਚੱਪੜਚਿੜੀ ਹੁੰਦਾ ਹੋਇਆ ਸਰਹਿੰਦ ਪੁੱਜੇਗਾ ਫਤਿਹ ਮਾਰਚ
*ਕਰਤਿੰਦਰਪਾਲ ਸਿੰਘ ਸਿੰਘਪੁਰਾ ਫਾਊਂਡੇਸ਼ਨ ਪੰਜਾਬ ਦੇ ਵਾਇਸ ਪ੍ਰਧਾਨ ਨਿਯੁਕਤ

ਮੁੱਲਾਂਪੁਰ ਦਾਖਾ, 1 ਮਈ (ਗਿਆਨ ਸਿੰਘ)- ਅੱਜ ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਵਿਖੇ 14 ਮਈ ਸਰਹਿੰਦ ਫਤਿਹ ਦਿਵਸ ਦਾ ਇਤਿਹਾਸਿਕ, ਗੌਰਵਮਈ ਦਿਹਾੜਾ ਮਨਾਉਣ ਲਈ ਕ੍ਰਿਸ਼ਨ ਕੁਮਾਰ ਬਾਵਾ ਪ੍ਰਧਾਨ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ ਜਿਸ ਵਿਚ ਵਿਸ਼ਵ ਪ੍ਰਸਿੱਧ ਵਿਦਵਾਨ ਡਾ. ਸ਼ਿਵਰਾਜ ਸਿੰਘ ਵਿਸ਼ੇਸ਼ ਤੌਰ ’ਤੇ ਪਹੁੰਚੇ ਜਦਕਿ ਸਮਾਗਮ ਵਿਚ ਬਾਵਾ ਰਵਿੰਦਰ ਨੰਦੀ ਪ੍ਰਧਾਨ ਬੈਰਾਗੀ ਮਹਾਂਮੰਡਲ ਪੰਜਾਬ, ਸੂਬਾ ਪ੍ਰਧਾਨ ਕਰਨੈਲ ਸਿੰਘ ਗਿੱਲ, ਅੰਗਰੇਜ ਸਿੰਘ ਅਤੇ ਪ੍ਰਮਿੰਦਰ ਬਿੱਟੂ ਜਨਰਲ ਸਕੱਤਰ ਫਾਊਂਡੇਸ਼ਨ, ਬਲਵੰਤ ਸਿੰਘ ਧਨੋਆ, ਪ੍ਰੀਤਮ ਸਿੰਘ ਜਨਰਲ ਸਕੱਤਰ ਫਾਊਂਡੇਸ਼ਨ ਕਨੇਡਾ, ਸੁਰਜੀਤ ਸਿੰਘ ਲੋਟੇ ਸਰਪ੍ਰਸਤ ਫਾਊਂਡੇਸ਼ਨ, ਦਰਸ਼ਨ ਸਿੰਘ ਲੋਟੇ ਆਦਿ ਹਾਜਰ ਸਨ। ਇਸ ਸਮੇਂ ਕਰਤਿੰਦਰਪਾਲ ਸਿੰਘ ਸਿੰਘਪੁਰਾ ਨੂੰ ਫਾਊਂਡੇਸ਼ਨ ਪੰਜਾਬ ਦਾ ਵਾਇਸ ਪ੍ਰਧਾਨ ਬਣਾਇਆ ਗਿਆ।

ਇਸ ਸਮੇਂ ਬੋਲਦੇ ਬਾਵਾ ਨੇ ਕਿਹਾ ਕਿ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣ ਵਾਲੇ





ਮਹਾਨ ਯੋਧੇ, ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਦਸਮ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ 3 ਸਤੰਬਰ 1708 ਨੂੰ ਗੋਦਾਵਰੀ ਨਦੀ ਦੇ ਕੰਢੇ ਸ਼੍ਰੀ ਹਜ਼ੂਰ ਸਾਹਿਬ (ਨੰਦੇੜ) ਮਹਾਂਰਾਸ਼ਟਰ ਵਿਖੇ ਹੋਏ ਇਤਿਹਾਸਿਕ ਮਿਲਾਪ ਦਿਹਾੜੇ ਤੋਂ ਬਾਅਦ ਭਗਤੀ ਤੋਂ ਸ਼ਕਤੀ ਦਾ ਰਾਸਤਾ ਅਖਤਿਆਰ ਕਰਕੇ 12 ਮਈ 1710 ਨੂੰ ਚੱਪੜਚਿੜੀ ਦੇ ਮੈਦਾਨ ਵਿਚ ਵਜੀਰ ਖਾਂ ਦਾ ਖਾਤਮਾ ਕਰਕੇ ਗੌਰਵਮਈ ਇਤਿਹਾਸ ਰਚਿਆ ਅਤੇ 14 ਮਈ ਨੂੰ ਸਰਹਿੰਦ ’ਤੇ ਫਤਿਹ ਦਾ ਝੰਡਾ ਲਹਿਰਾਇਆ।

ਇਸ ਸਮੇਂ ਬਾਵਾ ਰਵਿੰਦਰ ਨੰਦੀ ਨੇ ਦੱਸਿਆ ਕਿ 14 ਮਈ ਨੂੰ ਫਤਿਹ ਮਾਰਚ ਰਕਬਾ ਭਵਨ ਤੋਂ ਸਵੇਰੇ 9 ਵਜੇ 7 ਮਹਾਂਪੁਰਸ਼ ਅਰੰਭ ਕਰਨਗੇ, ਜੋ ਲੁਧਿਆਣਾ ਤੋਂ ਸਾਹਨੇਵਾਲ, ਦੋਰਾਹਾ, ਨੀਲੋਂ ਪੁੱਲ, ਸਮਰਾਲਾ, ਖਮਾਣੋਂ, ਮੋਰਿੰਡਾ, ਖਰੜ ਤੋਂ ਚੱਪੜਚਿੜੀ ਦੇ ਇਤਿਹਾਸਿਕ ਮੈਦਾਨ ਤੱਕ ਪਹੁੰਚੇਗਾ ਅਤੇ ਫਿਰ ਸਰਹਿੰਦ ਵਿਖੇ ਪੁੱਜਕੇ ਸੰਗਤ ਦੇ ਰੂਪ ਵਿਚ ਫਤਿਹ ਝੰਡਾ ਲਹਿਰਾਵਾਂਗੇ ਅਤੇ ਮਿਠਾਈਆਂ ਵੰਡਾਂਗੇ। ਉਹਨਾਂ ਕਿਹਾ ਕਿ ਪਾਨੀਪਤ ਦੀਆਂ ਤਿੰਨ ਹਾਰੀਆਂ ਲੜਾਈਆਂ ਬੱਚਿਆਂ ਦੇ ਸਲੇਬਸ ’ਚ ਸ਼ਾਮਲ ਹਨ ਪਰ ਸਰਹਿੰਦ ਦੀ ਫਤਿਹ ਕਿਤੇ ਨਹੀ ਦਿਖਾਈ ਦੇ ਰਹੀ। ਉਹਨਾਂ ਇਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ 14 ਮਈ ਦੇ ਇਤਿਹਾਸਿਕ ਦਿਹਾੜੇ ’ਤੇ ਛੁੱਟੀ ਦੀ ਮੰਗ ਵੀ ਕੀਤੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਪਲਾਟ ਵਿਕਾਊ
ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ ’ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।
ਫੋਨ ਨੰਬਰ 917837596119
647-760-2769




STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5’’8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11’’ ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9’’, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5’9’’ ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

ਕੇਅਰ ਗਿਵਰ ਦੀ ਲੋੜ
ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। ‘PR’ ਲਈ ਮੱਦਦ ਕੀਤੀ ਜਾਵੇਗੀ। Location ‘Winnipeg, MB’ ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
204-333-9000, 416-818-3777



## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2’’ ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
Follow Us:
CALL JAG FOR A QUICK & FREE HOME EVALUATION
www.BramptonTopRealtor.com
www.BramptonTopAgent.com
RECENTLY LISTED/SOLD IN YOUR NEIGHBOURHOOD BY JAG AUJLA

JUST LISTED FOR SALE
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades
BRANTFORD, ONTARIO
Call Jag Aujla For Details

JUST LISTED FOR SALE
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New
* Spent over $200k on upgrades
BRAMPTON, ONTARIO
Call Jag Aujla For Details

SOLD $215,000 OVER ASKING IN 2 DAYS
42 Lawnview Crt
Sandalwood /Hwy 10 / Braidwood

SOLD $101,000 OVER ASKING IN 2 DAYS
11 Germain Circ
Miss.Rd/ William Pkwy/ Bovaird

SOLD $165,000 OVER ASKING IN 2 DAYS
5 Mitchell Ave
Sandalwood/ Conestoga/ Dalzell

SOLD @101% OF ASKING PRICE
12 Laurelcrest St
Queen / Laurelcrest / Hwy 410

SOLD $260,000 OVER ASKING IN 4 DAYS
10 Lady Stewart Blvd
Howden / William Pkwy/ Hwy 410

SOLD @99% OF ASKING PRICE
11 Van Hoof Crest
Castlemore/ Goreway / Latania

SOLD $121,000 OVER ASKING IN 6 DAYS Caledon
42 Pinedale Ave
Kennedy / Dougall

SOLD $73,000 OVER ASKING IN 6 DAYS Shelbourne
416 Olde Village Lane
Hwy 89 / Greenwood

SOLD $355,000 OVER ASKING IN 4 DAYS
37 Esker Dr
Heart Lake Rd/Sandalwood Pkwy

FREE
✓ Full MLS Services
✓ Consistently Marketing Your Property Until SOLD
✓ Staging Consultation
✓ Billboard, Flyer, Newspaper
✓ Online Promotion
✓ Professional Pictures and Virtual Tour
✓ Social media & Radio Advertisement
✓ Open House Until Sold
✓ Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022

Tri-City Professional Realty Inc., Brokerage.
The Future of Real Estate
www.TriCityPro.com
Number 1. Tri-City agent in Canada on basis of sales volume 2021
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
NEED MORE LISTINGS
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Tel: 905.793.5777
Avtar Singh Tiwana
Sales Representative
416.802.5866
31 Melanie Dr. Unit #4 Brampton, ON L6T 5H8

SOLD $1,399,999
CASTLEMORE/GOREWAY

SOLD $1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

SOLD $1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਾਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਉਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!
DUNDAS-JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply in Person to complete application in the Shipping Department




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017